ੴ ਸਤਿਗੁਰ ਪ੍ਰਸਾਦਿ ॥

ਤਵਾਰੀਖ ਗੁਰੂ ਖਾਲਸਾ

(ਇਤਿਹਾਸ ਸ੍ਰੀ ਗੁਰੂ ਅਮਰਦਾਸ ਜੀ)

ਕ੍ਰਿਤ:

ਗਿਆਨੀ ਗਿਆਨ ਸਿੰਘ ਜੀ

TWARIKH GURU KHALSA

(History of Guru Amardas ji)

By

Giani Gian Singh ji

ਸ਼ਹੀਦਾਂ ਦੇ ਸਿਰਤਾਜ ਸ੍ਰੀ ਗੁਰੂ ਅਰਜਨ ਦੇਵ ਜੀ ਮਹਾਰਾਜ ਦੇ
੪੦੦ ਸਾਲਾ ਸ਼ਹੀਦੀ ਦਿਹਾੜੇ ਨੂੰ ਸਮਰਪਿਤ

Dedicated to 400th Martyrdom Anniversary of

Sri Guru Arjan Dev ji

ਸੇਵਾ: ਭਾਈ ਬਲਜਿੰਦਰ ਸਿੰਘ ਜੀ (ਰਾੜਾ ਸਾਹਿਬ)

Made Available by:

Bhai Baljinder Singh ji

© Baljinder Singh 16914 Lassen Street, Northridge, CA 91343 USA

Visit: www.ik13.com *Email rarasahib@yahoo.com*

Important Notice:

This file is brought in the digital (computer/internet use) format and made available within the reach of common users, scholars and students engaged in the study of Sikh History and Philosophy with the help of computer/internet. The digital composition of this file is the intellectual property of Bhai Baljinder Singh as it is completely an individual effort by him. Except for personal use on a personal computer without changing/decoding the file/database, no one is permitted to use this file in its native (provided), decoded or modified format, in whole or in part, for any computer/internet/publication project without the prior written permission of Bhai Baljinder Singh.

ਤਤਕਰਾ

Click a link to access the required page

(ਪਾ: ੩ - ੧)	ਸ੍ਰੀ ਗੁਰੂ ਅਮਰਦਾਸ ਸਾਹਿਬ ਜੀ ਪਾ: ੩ ਅਵਤਾਰ ਮਹਿਲ ਮਨਸਾ ਦੇਈ ਪਹਿਲਾ ਨਾਂ ਰਾਮ ਕੌਰ ਪਾ: ੩ ਸੰਤਾਨ ਪਾ: ੩ ਪਹਿਲਾ ਜੀਵਨ ਪੰਡਿਤ ਦੁਰਗਾ ਦੱਤ ਦੀ ਭਵਿੱਖਬਾਣੀ
(ਪਾ: ੩ - ੨)	ਗੁਰੂ ਮਿਲਾਪ ਦਾ ਕਾਰਣ ਬੀਬੀ ਅਮਰੋ ਜੀ
(ਪਾ: ੩ - ੩)	ਗੁਰੂ ਅੰਗਦ ਜੀ ਦਾ ਮਿਲਾਪ
(ਪਾ: ੩ - ੪)	ਗੁਰੂ ਅਮਰਦਾਸ ਜੀ ਦੀ ਸੇਵਾ
(ਪਾ: ੩ - ੫)	ਗੋਇੰਦਵਾਲ ਦਾ ਵੱਸਣਾ ਅੰਮ੍ਰਿਤਸਰ ਵਾਲੀ ਥਾਂ ਤੋਂ ਅਮਰ ਬੂਟੀ ਮਿਲੀ
(ਪਾ: ੩ - ੬)	ਗੁਰੂ ਅਮਰਦਾਸ ਜੀ ਨੂੰ ਗੱਦੀ ਮਿਲਣੀ ਕਸਵੱਟੀ ਪਾ: ੩ ਨੂੰ ਗੁਰਤਾ ਪ੍ਰਾਪਤ ਹੋਣੀ
(ਪਾ: ੩ - ੭)	ਗੁਰੂ ਅਮਰਦਾਸ ਜੀ ਦਾ ਆਚਰਨ
(ਪਾ: ੩ - ੮)	ਸਾਉਣ ਮੱਲ ਦਾ ਪ੍ਰਸੰਗ ਪਰਦੇ ਦੀ ਰਸਮ ਬੰਦ ਕੀਤੀ ਸੱਚਨ ਸੱਚ
(ਪਾ: ੩ - ੯)	ਗੁਰੂ ਜੀ ਦੀ ਧੀਰਜਤਾ ਤੇ ਦਾਤੂ ਦੀ ਬੇਸਮਝੀ
(ਪਾ: ੩ - ੧੦)	ਗੁਰੂ ਅਮਰਦਾਸ ਜੀ ਦਾ ਤਿਆਗ ਸੰਨ੍ਹ ਸਾਹਿਬ
(ਪਾ: ੩ - ੧੧)	ਗੁਰੂ ਅਮਰਦਾਸ ਜੀ ਦੀ ਬੇਨਤੀ ਮਨਜ਼ੂਰ ਹੋਈ ਤੇਈਏ ਤਾਪ ਦੀ ਕਥਾ
(ਪਾ: ੩ - ੧੨)	ਸੱਚਾ ਉਪਦੇਸ਼ ਡੱਲੇ ਨਗਰ ਦੀ ਸੰਗਤ ਨੂੰ ਉਪਦੇਸ਼ ਭਾਈ ਜੱਗਾ, ੪ ਕਿਅਮ ਦਾ ਪਰਉਪਕਾਰ ਚਾਰ ਪ੍ਰਕਾਰ ਦਾ ਪੁੰਨ ਭਾਈ ਕਿਦਾਰੀ ਪ੍ਰਤੀ ਉਪਦੇਸ਼, ਗ੍ਰਹਿਸਥ ਦੀ ਵਡਿਆਈ ਭਗਤੀ ਦੇ ਤਿੰਨ ਭੇਦ ਸ਼ੰਕਾ ਨਿਵਿਰਤੀ, ਜੇ ਸਭ ਬ੍ਰਹਮ ਤਾਂ ਪਾਪ ਪੁੰਨ ਦਾ ਕੀ ਭੇਦ?
(ਪਾ: ੩ - ੧੩)	ਸੰਗਤਾਂ ਨੂੰ ਉਪਦੇਸ਼ ਗੁਰੂ ਦੀ ਕੋਈ ਜਾਤ ਨਹੀਂ
(ਪਾ: ੩ - ੧੪)	ਫ਼ਕੀਰਾਂ ਦਾ ਮਿਲਾਪ
(ਪਾ: ੩ - ੧੫)	ਮਾਈਦਾਸ ਦਾ ਪ੍ਰਸੰਗ ਲੰਗਰ ਦਾ ਭੋਜਨ ਪਵਿੱਤ੍ਰ ਕੇਸ਼ੋ ਗੋਪਾਲ ਪੰਡਿਤ

(ਪਾਃ ੩ – ੧੬)	ਤੀਰਥ ਜਾਤ੍ਰਾ ਮਸੂਲੀਆਂ ਦਾ ਪ੍ਰਸੰਗ
(ਪਾਃ ੩ – ੧੭)	ਮਰਵਾਹੇ ਖੱਤ੍ਰੀਆਂ ਦੇ ਤਪੇ ਦਾ ਝੇੜਾ ਬਾਉਲੀ ਲਵਾਉਣ ਦਾ ਕਾਰਣ ਤਪੇ ਦਾ ਲੋਭ
(ਪਾਃ ੩ – ੧੮)	ਬਾਦੀਆਂ ਨੂੰ ਸਜ਼ਾ ਸ਼ੇਖਾਂ ਨੂੰ ਕਰਨੀ ਦਾ ਫਲ
(ਪਾਃ ੩ – ੧੯)	ਬਾਉਲੀ ਦਾ ਤਿਆਰ ਹੋਣਾ ਬਾਉਲੀ ਦਾ ਕੜ ਅਤੇ ਚਿਤੌੜ ਦਾ ਗੜ੍ਹ
(ਪਾਃ ੩ – ੨੦)	ਅਕਬਰ ਬਾਦਸ਼ਾਹ ਦਾ ਗੁਰੂ ਜੀ ਪਾਸ ਆਉਣਾ ਗੁਰੂ ਜੀ ਨੇ ਜਾਗੀਰ ਠੁਕਰਾਉਣੀ
(ਪਾਃ ੩ – ੨੧)	ਮੇਲਾ ਲਾਉਣਾ ਤੇ ਸਿੱਖਾਂ ਨੂੰ ਉਪਦੇਸ਼
(ਪਾਃ ੩ – ੨੨)	ਬੀਰਬਾਲ ਦਾ ਬਿਬਾਦ ਸੱਚਾ ਰਸਾਇਣ
(ਪਾਃ ੩ – ੨੩)	ਗੁਰੂ ਰਾਮਦਾਸ ਜੀ ਨੂੰ ਗੱਦੀ ਤੇ ਗੁਰੂ ਅਮਰਦਾਸ ਜੀ ਦਾ ਜੋਤੀ ਜੋਤਿ ਸਮਾਉਣਾ ਥੜ੍ਹੇ ਬਣਾਉਣ ਦਾ ਪ੍ਰਸੰਗ ਪਾ: ੩ ਜੋਤੀ ਜੋਤਿ ਸਮਾਏ

ਕਥਾ ਸ੍ਰੀ ਗੁਰੂ ਅਮਰਦਾਸ ਸਾਹਿਬ ਜੀ (ਪਾਃ ੩)

ਏਹ ਸ੍ਰੀ ਗੁਰੂ ਸਾਹਿਬ ਸੂਰਜ ਬੰਸੀ ਰਾਮਚੰਦ੍ਰ ਜੀ ਦੇ ਭਰਾ ਭਰਥ ਜੀ ਦੇ ਬੰਸ ਵਿੱਚੋਂ ਤੇਜ ਭਾਨ ਭੱਲੇ ਖੱਤ੍ਰੀ ਦੇ ਘਰ {ਪਾ: ੩ ਅਵਤਾਰ} ੨੨ ਵੈਸਾਖ ਸੁਦੀ ੧੧ ਸੰਮਤ ੧੫੩੬ ਬਿਕ੍ਰਮੀ ਤੇ ੧੪੭੪ ਈਸਵੀ ਨੂੰ ਸ਼ੁੱਕਰਵਾਰ ਪਹਿਰ ਰਾਤ ਰਹੀ ਕ੍ਰਿਤਕਾ ਨਛੱਤ੍ਰ ਪਿੰਡ ਬਾਸਰਕੇ ਪਰਗਣੇ ਅੰਮ੍ਰਿਤਸਰ ਵਿਖੇ ਮਾਈ ਲੱਖਮੀ ਤਥਾ ਲੱਖੋ ਤੋਂ ਪ੍ਰਗਟ ਹੋਏ। ੧੧ ਮਾਘ ਸੰਮਤ ੧੫੯੮ ਬਿਕ੍ਰਮੀ ਨੂੰ ਸਣਖੱਤ੍ਰੇ ਪਿੰਡ ਦੇਵੀ ਚੰਦ ਬਹਿਲ ਖਤ੍ਰੀ ਦੀ ਬੇਟੀ {ਮਹਿਲ ਮਨਸਾ ਦੇਈ ਜੀ ਪਹਿਲਾ ਨਾਂ ਰਾਮ ਕੌਰ} ਰਾਮ ਕੌਰ ਨਾਲ ਬਿਆਹੇ ਗਏ, ਜਿਨ੍ਹਾਂ ਦਾ ਸਹੁਰਾ ਨਾਮ ਮਨਸਾ ਦੇਈ ਰੱਖਿਆ। ਏਨ੍ਹਾਂ ਦੀ ਕੁੱਖੋਂ {ਪਾ:੩ ਸੰਤਾਨ} ੪ ਜੇਠ ਸੰਮਤ ੧੫੯੦ ਬਿਕ੍ਰਮੀ ਭਾਨੀ ਜੀ, ੫ ਫੱਗਣ ਸੰਮਤ ੧੫੯੫ ਬਿਕ੍ਰਮੀ ਨੂੰ ਮੋਹਣ ਜੀ, ਪੰਜ ਸੌਣ ਸੰਮਤ ੧੫੯੮ ਬਿਕ੍ਰਮੀ ਨੂੰ ਮੋਹਰ ਜੀ, ੭ ਚੇਤ ਸੰਮਤ ੧੬੦੧ ਬਿਕ੍ਰਮੀ ਨੂੰ ਨਿਧਾਨੀ ਜੀ ਏਹ ਚਾਰ ਜੀਉ ਪੈਦਾ ਹੋਏ।

ਗੁਰੂ ਅਮਰਦਾਸ ਜੀ ਪਹਿਲੇ ਦਿਨੋਂ ਹੀ ਜਤੀ ਸਤੀ ਸੇ, {ਪਾ: ੩ ਪਹਿਲਾ ਜੀਵਨ} ਅਤੇ ਸੀਲ ਸੁਭਾਵ, ਭਗਤੀ ਭਾਵ ਸੰਤ ਸੇਵਾ ਵਿੱਚ ਬਹੁਤ ਪ੍ਰੀਤ ਰੱਖਦੇ ਸੇ। ਦੂਜੇ ਤਿੰਨ ਭਰਾ ਏਨ੍ਹਾਂ ਦੇ ਖੇਤੀ ਅਤੇ ਹੱਟੀ ਕਰਦੇ ਸੇ। ਏਹ ਇੱਕ ਘੋੜੇ ਉੱਤੇ ਲੂਣ ਮਿਰਚ ਆਦਿਕ ਲੱਦ ਕੇ ਪਿੰਡਾਂ ਵਿੱਚ ਫਿਰ ਕੇ ਵੇਚਿਆ ਕਰਦੇ ਸੇ ਅਤੇ ਭਜਨ ਅਜੇਹੇ ਪ੍ਰੇਮ ਰਸ ਦੇ ਭਰੇ ਹੋਏ ਗਾਉਂਦੇ ਫਿਰਦੇ ਕਿ ਜਿਨ੍ਹਾਂ ਨੂੰ ਸੁਣ ਕੇ ਸਭ ਲੋਗ ਏਨ੍ਹਾਂ ਨੂੰ 'ਭਗਤ' 'ਭਗਤ ਜੀ' ਕਹਿੰਦੇ। ਏਨ੍ਹਾਂ ਦੇ ਜਪ ਤਪ ਦਾਨ ਪੁੰਨ ਕਰਨ ਦਾ ਏਹੋ ਨਮੂਨਾ ਬਹੁਤ ਹੈ ਜੋ ੨੧ ਵਾਰੀ ਪੈਰੀਂ ਚੱਲ ਕੇ ਹਰਿਦੁਆਰ ਗੰਗਾ ਜੀ ਇਸ਼ਨਾਨ ਕੀਤੇ। ਅਨੇਕ ਮਾਘ ਮਹੀਨੇ ਰਿਖੀ ਕੇਸ਼, ਤਪੋ ਬਨ, ਜਾ ਕੇ ਕਲਪਵਾਸ ਤੇ ਸਤਸੰਗ ਕਰਦੇ ਰਹੇ ਅਤੇ (ਹਰੇ ਰਾਮ ਹਰੇ ਰਾਮ, ਰਾਮ ਰਾਮ ਹਰੇ। ਹਰੇ ਹਰੇ ਕ੍ਰਿਸ਼ਨ ਹਰੇ ਕ੍ਰਿਸ਼ਨ, ਕ੍ਰਿਸ਼ਨ ਕ੍ਰਿਸ਼ਨ ਹਰੇ ਹਰੇ) ਏਸ ਮੰਤ੍ਰ ਦਾ ਜਾਪ ਇੱਕ ਮਾਲਾ ਅਠੋਤ੍ਰੀ ਹਰ ਰੋਜ਼ ਫੇਰਦੇ ਹੁੰਦੇ। ਜਦ ਵੀਹਵੀਂ ਵਾਰੀ ਗੰਗਾ ਇਸ਼ਨਾਨ ਕਰ ਮੁੜ ਪਰਗਣੇ ਮੁਲਾਣੇ ਮੇਹੜੇ {ਪੰਡਿਤ ਦੁਰਗਾ ਦੱਤ ਦੀ ਭਵਿੱਖ ਬਾਣੀ} ਪਿੰਡ ਦੇ ਬਾਗ਼ ਵਿੱਚ ਬਿਰਾਜੇ ਹੋਏ ਸੇ ਤਾਂ ਇੱਕ ਦੁਰਗਾ ਦੱਤ ਪੰਡਿਤ ਸਮੁੰਦ੍ਰੀਕ ਕੇਵਲ ਵਿੱਦਜਾ ਦੇ ਗਿਆਤਾ ਨੇ ਏਨ੍ਹਾਂ ਦੇ ਚਰਨ ਵਿੱਚ ਪਦਮ ਦਾ ਚਿੰਨ੍ਹ ਦੇਖ ਕੇ ਆਖਿਆ, "ਤੁਸੀਂ ਵੱਡੇ ਪੂਜ ਮਾਨਨੀਕ ਪੁਰਖ ਹੋ ਕੇ ਪਾਤਸ਼ਾਹ ਸਦਾਓਗੇ। ਸੀਸ ਪਰ ਚੌਰ ਝੁਲੇਗਾ। ਰਾਜਾ ਪਰਜਾ ਤੁਹਾਨੂੰ ਨਜ਼ਰ ਭੇਟਾ ਦੇ ਕੇ ਮਿਲਿਆ ਕਰਨਗੇ।" ਏਹ ਸੁਣ ਕੇ ਗੁਰੂ ਅਮਰਦਾਸ ਜੀ ਬੋਲੇ, "ਜੋ ਕਰਤਾਰ ਦੀ ਰਜ਼ਾ।" ਜਦ ਓਸ ਪੰਡਿਤ ਨੂੰ ਚਾਰ ਆਨੇ ਦੀ ਮਿਠਾਈ ਦੇਣ ਲੱਗੇ ਤਾਂ ਓਸ ਨੇ ਸਹਿਜ ਸੁਭਾਵਕ ਪੁਛਿਆ, "ਆਪ ਦਾ ਗੁਰੂ ਕੌਣ ਹੈ?" ਏਨ੍ਹਾਂ ਆਖਿਆ, "ਗੁਰੂ ਤਾਂ ਅਜੇ ਕੋਈ ਨਹੀਂ ਲਭਾ, ਟੋਲ ਰਹੇ ਹਾਂ।" ਪੰਡਤ ਨੇ ਆਖਯਾ, "ਨਿਗੁਰੇ ਦੇ ਹੱਥੋਂ ਮੈਂ ਕਦੇ ਕੁਛ ਨਹੀਂ ਲੀਤਾ, ਕਿਉਂਕਿ ਨਿਗੁਰੇ ਦਾ ਦਰਸ਼ਨ ਕਰਨਾ ਭੀ ਸ਼ਾਸਤ੍ਰ ਵਿੱਚ ਦੋਸ਼ ਲਿਖਿਆ ਹੈ। ਸੋ, ਜਦੋਂ ਗੁਰੂ ਧਾਰੋਗੇ ਤਦ ਕੁਛ ਲਵਾਂਗਾ।"

ਗੁਰੂ ਮਿਲਾਪ ਦਾ ਕਾਰਣ

ਗੁਰੂ ਅਮਰਦਾਸ ਜੀ ਨੂੰ ਤਾਂ ਓਸੇ ਦਿਨ ਤੋਂ ਅਜੇਹੀ ਚਟਪਟੀ ਲੱਗੀ ਜੋ ਰਾਤ ਦਿਨੇ ਸਤਿਗੁਰੂ ਦੀ ਖੋਜ ਵਿੱਚ ਲੱਗੇ ਫਿਰਨ। ਅਨੇਕ ਸਾਧੂ ਪੰਡਤ ਦੇਖੇ ਪਰ ਦਿਲ ਕਿਸੇ ਥਾਂ ਨਾ ਪਤੀਜਿਆ ਤੇ ਐਡਾ ਤੀਬਰ ਵੈਰਾਗ ਹੋਯਾ ਜੋ ਕੋਈ ਕੰਮ ਯਾ ਸੰਬੰਧੀ ਅੱਛਾ ਨਾ ਲੱਗੇ ਤੇ ਨੇਤ੍ਰਾਂ ਤੋਂ ਜਲ ਚਲਿਆ ਆਵੇ।

ਗੁਰੂ ਅੰਗਦ ਜੀ ਦੀ ਬੇਟੀ {ਬੀਬੀ ਅਮਰੋ ਜੀ} ਬੀਬੀ ਅਮਰੋ ਏਨ੍ਹਾਂ ਦੇ ਭਤੀਜੇ ਦੇ ਘਰ ਵਿਆਹੀ ਹੋਈ ਸੀ। ਓਹ ਅੰਮ੍ਰਤ ਵੇਲੇ ਰੋਜ਼ ਆਸਾ ਦੀ ਵਾਰ ਤੇ ਹੋਰ ਅਨੇਕ ਸ਼ਬਦ ਗੁਰੂ ਨਾਨਕ ਜੀ ਦੇ ਉਚਾਰੇ ਹੋਏ ਪ੍ਰੇਮ ਨਾਲ ਪੜ੍ਹਿਆ ਕਰਦੀ ਸੀ। ਇੱਕ ਦਿਨ ਓਹ ਪ੍ਰੇਮ ਨਾਲ ਏਹ ਸ਼ਬਦ ਪੜ੍ਹ ਰਹੀ ਸੀ:

ਮਾਰੂ ਮਹਲਾ ੧ ਘਰੁ ੧ ॥
ਕਰਣੀ ਕਾਗਦੁ ਮਨੁ ਮਸਵਾਣੀ
ਬੁਰਾ ਭਲਾ ਦੁਇ ਲੇਖ ਪਏ ॥
ਜਿਉ ਜਿਉ ਕਿਰਤੁ ਚਲਾਏ ਤਿਉ ਚਲੀਐ
ਤਉ ਗੁਣ ਨਾਹੀ ਅੰਤੁ ਹਰੇ ॥੧॥
ਚਿਤ ਚੇਤਸਿ ਕੀ ਨਹੀ ਬਾਵਰਿਆ ॥
ਹਰਿ ਬਿਸਰਤ ਤੇਰੇ ਗੁਣ ਗਲਿਆ ॥੧॥ ਰਹਾਉ ॥
ਜਾਲੀ ਰੈਨਿ ਜਾਲੁ ਦਿਨੁ ਹੂਆ
ਜੇਤੀ ਘੜੀ ਫਾਹੀ ਤੇਤੀ ॥
ਰਸਿ ਰਸਿ ਚੋਗ ਚੁਗਹਿ ਨਿਤ ਫਾਸਹਿ
ਛੂਟਸਿ ਮੂੜੇ ਕਵਨ ਗੁਣੀ ॥੨॥
ਕਾਇਆ ਆਰਣੁ ਮਨੁ ਵਿਚਿ ਲੋਹਾ
ਪੰਚ ਅਗਨਿ ਤਿਤੁ ਲਾਗਿ ਰਹੀ ॥
ਕੋਇਲੇ ਪਾਪ ਪੜੇ ਤਿਸੁ ਊਪਰਿ
ਮਨੁ ਜਲਿਆ ਸੰਨ੍ਹੀ ਚਿੰਤ ਭਈ ॥੩॥
ਭਇਆ ਮਨੂਰੁ ਕੰਚਨੁ ਫਿਰਿ ਹੋਵੈ
ਜੇ ਗੁਰੁ ਮਿਲੈ ਤਿਨੇਹਾ ॥
ਏਕੁ ਨਾਮੁ ਅੰਮ੍ਰਿਤੁ ਓਹੁ ਦੇਵੈ
ਤਉ ਨਾਨਕ ਤ੍ਰਿਸਟਸਿ ਦੇਹਾ ॥੪॥੩॥

(ਮਾਰੂ, ਮਃ ੧ - ੯੯੦)

ਏਹ ਸ਼ਬਦ ਸੁਣ ਕੇ ਤਾਂ ਕੰਵਲ ਦੀ ਨਾਲ ਵਾਂਗੂੰ ਇੱਕ ਵਾਰੀ ਅਤੇਜੰਤ ਪ੍ਰੇਮ ਵਧ ਗਿਆ। ਸ਼ਬਦ ਦੀ ਕਾਨੀ ਨੇ ਅਜੇਹਾ ਘਾਇਲ ਕੀਤਾ ਕਿ ਹਰ ਵੇਲੇ ਏਹੋ ਆਖਣ, "ਹੇ ਅੰਤਰਜਾਮੀ! ਏਹ ਜ਼ਖ਼ਮ ਗੁਰ ਉਪਦੇਸ਼ ਦੀ ਮੱਲ੍ਹਮ ਨਾਲ ਕਦੋਂ ਭਰੇਂਗਾ ਤੇ ਮੇਰੇ ਮਨ ਮਨੂਰ ਗੁਰੂ ਪਾਰਸ ਨੂੰ ਪਰਸ ਕੇ ਕਦ ਕੰਚਨ ਹੋਵੇਗਾ?" ਪਲ ਪਲ ਬਰਸ ਦੇ ਸਮਾਨ ਬੀਤਨ ਲੱਗਾ। ਉੱਤਮ ਮਨੁੱਖ ਦੇ ਲੱਖਣ ਪ੍ਰਗਟ ਹੋ ਆਏ। ਦੂਜੇ ਦਿਨ ਅੰਮ੍ਰਿਤ ਵੇਲੇ ਸ਼ਬਦ ਸੁਣਨ ਵਾਸਤੇ ਉੱਠ ਬੈਠੇ। ਜਦ ਆਪਣੇ ਵੇਲੇ ਸਿਰ ਸਹਜ ਭਾਵ ਪ੍ਰੇਮ ਭਰੀ ਰਸੀਲੀ ਬਾਣੀ ਗੁਰੂ ਜੀ ਦੀ ਬੇਟੀ ਬੀਬੀ ਅਮਰੋ ਪੜ੍ਹਨ ਲੱਗੀ, ਤਾਂ ਜਿਉਂ ਜਿਉਂ ਅਮਰਦਾਸ ਜੀ ਸੁਣਨ, ਤਿਉਂ ਤਿਉਂ ਜਿੰਦ ਪੈਂਦੀ ਜਾਏ। ਜਦ ਓਹ ਪੜ੍ਹ ਚੁੱਕੀ ਤਾਂ ਏਨ੍ਹਾਂ ਫੇਰ ਬੀਬੀ ਜੀ ਨੂੰ ਆਖਿਆ, "ਦੇਵੀ! ਇੱਕ ਵਾਰੀ ਏਹੋ ਸ਼ਬਦ ਫੇਰ ਸੁਣਾ।" ਬੀਬੀ ਜੀ ਸ਼ਰਮ ਖਾ ਕੇ ਨੀਵੀਂ ਧੌਣ ਕਰ ਚੁੱਪ ਹੋ ਬੈਠੀ ਪਰ ਓਸ ਦੀ ਸੱਸ ਨੇ ਗੁਰੂ ਅਮਰਦਾਸ ਜੀ ਦਾ ਪਰੇਮ ਦੇਖ ਕੇ ਆਖਿਆ, "ਕੁੜੀਏ! ਪੜ੍ਹਨ ਦੀ ਸ਼ਰਮ ਨਹੀਂ ਕਰੀਦੀ। ਏਹ ਸੁਣਾਉਣਾ ਤਾਂ ਸਗੋਂ ਪੁੰਨਜ ਹੁੰਦਾ ਹੈ। ਸਹੁਰਾ ਤੇ ਬਾਪ ਇਕੋ ਜਿਹੇ ਹੁੰਦੇ ਹਨ। ਭਜਨ

ਬੋਲਦਿਆਂ ਕੇਹੀ ਸ਼ਰਮ ਹੈ? ਤੈਂ ਕਦੇ ਮੀਰਾਂਬਾਈ ਦੀ ਕਹਾਣੀ ਨਹੀਂ ਸੁਣੀ? ਜੇਹੜੀ ਠਾਕੁਰ ਦੀ ਮੂਰਤਿ ਅੱਗੇ ਭਜਨ ਗਾਉਂਦੀ ਤੇ ਨ੍ਰਿਤਕਾਰੀ ਕਰਦੀ ਹੋਈ ਆਪਣੇ ਸਾਹੁਰੇ ਪਤਿਆਹੁਰੇ ਤੋਂ ਨਹੀਂ ਸੰਗਦੀ ਸੀ। ਕਬੀਰ ਦੀ ਨੂੰਹ ਆਏ ਗਏ ਸਾਧ ਸਿੱਖ ਨੂੰ ਮੱਥਾ ਨਾ ਟੇਕਦੀ ਤੇ ਨਾ ਹੀ ਕੁਛ ਭਗਤ ਭਜਨ ਕਰਦੀ ਸੀ ਤਾਂ ਕਬੀਰ ਜੀ ਨੇ ਇੱਕ ਸ਼ਬਦ ਵਿੱਚ ਓਸ ਨੂੰ ਅਜੇਹੀ ਸਿੱਖ ਮਤ ਦਿੱਤੀ, ਜਿਸ ਤੋਂ ਓਹ ਭੀ ਨਿਸੰਗ ਭਜਨ ਕਰਨ ਲੱਗੀ। ਸੋ ਮੇਰੀ ਬੀਬੀ ਧੀ! ਮੈਂ ਤੇਰੇ ਤੋ ਵਾਰੀ ਵੰਞਾਂ! ਸ਼ਬਦ ਪੜ੍ਹ ਤੇ ਮੈ ਭੀ ਧਯਾਨ ਦੇ ਕੇ ਸੁਣਦੀ ਹਾਂ।" ਸੱਸ ਦੇ ਆਖੇ ਜਦ ਬੀਬੀ ਅਮਰੋ ਨੇ ਮੁੜ ਓਹੋ ਸ਼ਬਦ ਪੜ੍ਹਿਆ, ਫੇਰ ਤਾਂ ਅਮਰਦਾਸ ਜੀ ਪ੍ਰੀਤ ਨਾਲ ਸੁਣ ਕੇ ਅਜੇਹੇ ਮੋਹਿਤ ਹੋਏ ਜੋ ਅਮਰੋ ਨੂੰ ਆਖਣ ਲੱਗੇ, "ਬੀਬੀ! ਤੂੰ ਖਡੂਰ ਚੱਲ ਕੇ ਮੈਨੂੰ ਆਪਣੇ ਪਿਤਾ ਦੇ ਦਰਸ਼ਨ ਕਰਾ।"

ਗੁਰੂ ਅੰਗਦ ਜੀ ਦਾ ਮਿਲਾਪ

ਓੜਕ ਤੀਆਂ ਦੇ ਦਿਨਾਂ ਵਿੱਚ ਸੰਮਤ ੧੫੯੮ ਬਿਕ੍ਰਮੀ ਨੂੰ ਜਦ ਬੀਬੀ ਅਮਰੋ ਖਡੂਰ ਆਈ ਤਾਂ ਅਮਰਦਾਸ ਜੀ ਭੀ ਓਸ ਦੇ ਨਾਲ ਆਏ। ਇਨ੍ਹਾਂ ਨੂੰ ਬੂਹੇ ਅੱਗੇ ਖੜੇ ਕਰ ਕੇ ਬੀਬੀ ਅੰਦਰ ਗਈ ਤਾਂ ਗੁਰੂ ਅੰਗਦ ਜੀ ਬੋਲੇ, "ਬੀਬੀ! ਸਾਥੀ ਨੂੰ ਕਿਉਂ ਪਿੱਛੇ ਛੱਡ ਆਈ ਹੈਂ।" ਗੁਰੂ ਅੰਗਦ ਜੀ ਨੂੰ ਸਰਬੱਗਜ ਸਮਝ ਕੇ ਅਮਰਦਾਸ ਜੀ ਦੇ ਮਨ ਧੀਰਜ ਆਯਾ। ਅਮਰਦਾਸ ਜੀ ਗੁਰੂ ਅੰਗਦ ਜੀ ਦੇ ਕੁੜਮ ਲੱਗਦੇ ਸੇ। ਏਸ ਲਈ ਅੰਦਰ ਬੁਲਾ ਕੇ ਜਦ ਉੱਠ ਕੇ ਕੁੜਮਾਚਾਰੀ (ਜੋ ਖੱਤ੍ਰੀਆਂ ਦਾ ਰਿਵਾਜ ਹੈ) ਗਲ ਮਿਲਣ ਲੱਗੇ ਤਾਂ ਅਮਰਦਾਸ ਜੀ ਨੇ ਗੁਰੂ ਜੀ ਦੇ ਚਰਨ ਫੜ ਲਏ ਅਤੇ ਆਖਿਓ ਨੇ, "ਮੈਨੂੰ ਕੁੜਮ ਨਾ ਸਮਝੋ ਆਪਣਾ ਟਹਿਲੂਆ ਮੰਨੋਂ।" ਪਰ ਗੁਰੂ ਜੀ ਨੇ ਆਦਰ ਭਾਉ ਨਾਲ ਬੈਠਾ ਕੇ ਸੁੱਖ ਅਨੰਦ ਪੁੱਛੀ ਤਾਂ ਗੁਰੂ ਅਮਰਦਾਸ ਜੀ ਨੂੰ ਓਸੇ ਵੇਲੇ ਏਹ ਤੁਕ ਫੁਰ ਆਈ:

ਅਨੰਦੁ ਭਇਆ ਮੇਰੀ ਮਾਏ ਸਤਿਗੁਰੂ ਮੈ ਪਾਇਆ ॥

(ਰਾਮਕਲੀ, ਮਃ ੩ - ੯੧੭)

ਇਕੀ ਵਾਰੀ ਗੰਗਾ ਇਸ਼ਨਾਨ ਕਰਨ ਦਾ ਫ਼ਲ ਅੱਜ ਮੈਨੂੰ ਲੱਭਿਆ ਹੈ। ਗੁਰੂ ਜੀ ਬੋਲੇ, "ਅਮਰਦਾਸ! ਅਪਣੀ ਭਾਵਨਾ ਹੀ ਫਲਦੀ ਹੈ। ਹੋਰ ਪੱਥਰ, ਪਾਣੀ, ਕਾਠ, ਮਿੱਟੀ ਦੀ ਮੂਰਤ ਨਹੀਂ ਫਲਦੀ। ਆਪਣਾ ਮਨ ਹੀ ਦੇਵਤਾ ਹੈ। ਏਤਨੇ ਚਿਰ ਨੂੰ ਕੀਰਤਨ ਕਥਾ ਦਾ ਭੋਗ ਪਿਆ, ਕੜਾਹ ਪ੍ਰਸ਼ਾਦ ਵਰਤਿਆ, ਲਾਂਗਰੀਆਂ ਨੇ ਅਰਦਾਸ ਕੀਤੀ ਸੱਚੇ ਪਾਤਸ਼ਾਹ ਲੰਗਰ ਤਿਆਰ ਹੈ। ਗੁਰੂ ਜੀ ਅੰਦਰ ਗਏ, ਸੰਗਤ ਦੀ ਪੰਗਤਿ ਹੋਈ। ਇਸ ਮੌਕਜਾ ਪਰ ਸੂਰਜ ਪ੍ਰਕਾਸ਼ ਵਿੱਚ ਇਸ ਤਰ੍ਹਾਂ ਲਿਖਿਆ ਹੈ। ਯਥਾ:

ਪੰਕਤਿ ਬੈਠੀ ਮਿਲਿ ਤਬਹਿ, ਗੁਰ ਬੀਚ ਸੁਹਾਏ।
ਮਿਲਿ ਸੰਗਤਿ ਮਹਿਂ ਅਮਰ ਜੀ, ਬੈਠੇ ਤਿਸ ਥਾਏਂ ॥੨੭॥
ਪਹਿਤ ਭਾਤ[1] ਬਰਤਜੋ ਪ੍ਰਥਮ, ਪੁਨ ਆਮਿਖ[2] ਆਵਾ।
ਇਕ ਦਿਸ਼ ਪੰਕਤਿ ਮਹਿਂ ਦਯੋ, ਤਬ ਇਨ ਦਰਸਾਵਾ[3]।
ਬਹੁ ਗਿਲਾਨ[4] ਠਾਨੀ ਰਿਦੈ, ਇਮਿ ਕਰਤਿ ਬਿਚਾਰਾ।
-ਮੈਂ ਆਮਿਖ ਖਾਯੋ ਨ ਕਬਿ, ਕਰਿ ਅੰਨ[5] ਅਹਾਰਾ ॥੨੮॥
ਪੰਕਤਿ ਮੈਂ ਅਬਿ ਬੈਠਗਾ, ਕਿਮਿ ਹੋਹਿ ਬਚਾਊ।
ਨਹਿਂ ਲੇਵੋਂ ਅਪਮਾਨ ਹੀ, ਕਯੋਂ ਬੈਠਯੋ ਆਊ[6]।
ਆਯੋ ਸਤਿਗੁਰ ਕਰਨ ਕੋ, ਬਿਗਰਹਿ ਇਮਿ ਬਾਤੀ।
ਸਿੱਖਯ ਨ ਕਰਿ ਹੈਂ ਮੋਹਿ ਕੋ, ਮਨ ਹਟਿ ਇਸ ਭਾਂਤੀ[7] ॥੨੯॥
ਅਪਰ ਜਤਨ ਅਬਿ ਕੋ ਨਹੀਂ, ਜੇ ਅੰਤਰਜਾਮੀ।
ਸੂਪਕਾਰ ਕੋ[8] ਬਰਜ ਹੈਂ, ਆਪਹਿ ਗੁਰੁ ਸ੍ਵਾਮੀ।
ਇਕ ਤੋ ਮੇਰੋ ਧਰਮ ਰਹਿ, ਪੁਨ ਹੁਇ ਪਰਤੀਤਾ।

---

[1]ਦਾਲ ਚਾਵਲ।
[2]ਮਾਸ = ਮਹਾਂ ਪ੍ਰਸ਼ਾਦਿ।
[3]ਭਾਵ ਸ਼੍ਰੀ ਅਮਰ ਜੀ ਨੇ ਦੇਖਿਆ।
[4]ਸੂਗ।
[5](ਤੇ) ਕਰਦਾ ਹਾਂ ਅੰਨ ਦਾ ਅਹਾਰ।
[6]ਨਾ ਲਵਾਂ ਤਾਂ ਅਪਮਾਨ ਹੋਵੇਗਾ, ਮੈਂ ਕਿਉਂ ਆ ਬੈਠਾ (ਪੰਕਤ ਵਿਚ)। (ਅ) ਭਾਵ ਰਸੋਈਏ ਕਹਿਣਗੇ ਕਿ ਜੇ ਇਨ ਲੈਣਾ ਨਹੀਂ ਸੀ ਤਾਂ ਪੰਕਤ ਵਿਚ ਆ ਕਿਉਂ ਬੈਠਾ।
[7]ਇਸ ਤਰ੍ਹਾਂ ਗੁਰੂ ਜੀ ਦਾ ਮਨ ਪਰੇ ਹਟ ਜਾਏਗਾ।
[8]ਰਸੋਈਏ ਨੂੰ।

ਜਗ ਤੇ ਕਰਹਿਂ ਉਧਾਰ ਮਮ, ਸਰਬੱਗਜ ਪੁਨੀਤਾ[1]- ॥੩੦॥
ਇਮਿ ਕੀਨੋ ਸੰਕਲਪ ਕੋ, ਸ਼੍ਰੀ ਗੁਰੁ ਨੈ ਜਾਨਾ।
ਸੂਪਕਾਰ ਕੋ ਬਰਜਿਓ, ਮੁਖ ਬਾਕ ਬਖਾਨਾ।
'ਪੰਕਤ ਮਹਿਂ ਜੋ ਨਵੋ ਨਰ, ਤਿਸ ਦੇਹੁ ਅਹਾਰਾ।
ਆਮਿਖ ਨਾਂਹਿ ਪਰੋਸੀਏ, ਤਿਨ ਧਰਮ ਬਿਚਾਰਾ[2]' ॥੩੧॥

(ਗੁ. ਪ੍ਰ. ਸੂ. ਰਾਸਿ ੧ ਅੰਸੂ ੧੫)

ਏਹ ਸੁਣ ਕੇ ਗੁਰੁ ਅਮਰਦਾਸ ਜੀ ਦਾ ਮਨ ਕੋਇਲ ਦੀ ਤਰ੍ਹਾਂ ਖਿੜ ਗਿਆ ਅਤੇ ਜਾਣ ਲਿਆ ਕਿ ਸੱਚੇ ਸਤਿਗੁਰੂ ਹਨ।

ਗੁਰੂ ਅਮਰਦਾਸ ਜੀ ਦੇ ਮਨ ਵਿੱਚ ਧਾਰਿਆ ਕਿ ਜੇਕਰ ਗੁਰੂ ਜੀ ਮੈਨੂੰ ਆਪਣਾ ਸੀਤ ਪ੍ਰਸ਼ਾਦ ਦੇਣ ਤਾਂ ਮੈਂ ਅਨੰਦ ਹੋ ਜਾਵਾਂ। ਸੋ ਗੁਰੂ ਅੰਗਦ ਜੀ ਨੇ ਸਹਿਜ ਸੁਭਾਵ ਪ੍ਰਸ਼ਾਦ ਛਕ ਕੇ ਆਪਣਾ ਜੂਠਾ ਥਾਲ ਅਮਰਦਾਸ ਜੀ ਨੂੰ ਦੇ ਦਿਤਾ, ਜਿਸ ਦੇ ਛਕਦਿਆਂ ਹੀ ਗੁਰੂ ਅਮਰਦਾਸ ਜੀ ਦੇ ਕਪਾਟ ਖੁੱਲ੍ਹ ਗਏ। ਜਾਣੋ ਮੋਹਣੀ ਮੰਤ੍ਰ ਪੈ ਗਿਆ। ਗੁਰੂ ਅੰਗਦ ਜੀ ਨੇ ਏਨ੍ਹਾਂ ਦਾ ਭਰਮ ਉਠਾਉਣ ਵਾਸਤੇ ਗੁਰੂ ਨਾਨਕ ਜੀ ਦਾ ਓਹ ਸ਼ਬਦ ਜੋ ਓਨ੍ਹਾਂ ਕੁਰਖੇਤ੍ਰ ਪਰ ਉਚਾਰਿਆ ਸੀ, ਸੁਣਾ ਕੇ ਨਿਰਸੰਸੇ ਕੀਤਾ।

---

[1]ਭਾਵ ਗੁਰੂ ਅੰਗਦ ਜੀ।
[2](ਉਸ ਨੇ ਮਾਸ ਨਾ ਖਾਣਾਂ) ਧਰਮ ਸਮਝਿਆ ਹੈ।

ਗੁਰੂ ਅਮਰਦਾਸ ਜੀ ਦੀ ਸੇਵਾ

ਹਮੇਸ਼ਾਂ ਅੱਧੀ ਰਾਤ ਤੋਂ ਜਾਗ ਤਿੰਨ ਕੋਹ ਪੁਰੋਂ ਬਜਾਸ ਨਦੀ ਵਿੱਚੋਂ ਜਲ ਲਿਆਇਆ ਕਰਦੇ। ਪਹਿਲੇ ਗੁਰੂ ਅਮਰਦਾਸ ਜੀ ਨੇ ਬਜਾਸਾ ਵਿੱਚ ਆਪ ਇਸ਼ਨਾਨ ਕਰਨਾ ਤੇ ਫੇਰ ਲੱਕ ਤਾਈਂ ਜਲ ਵਿੱਚ ਜਾ ਕੇ ਗਾਗਰ ਪਾਣੀ ਨਾਲ ਭਰ ਕੇ ਸਿਰ ਉੱਪਰ ਧਰ ਕੇ ਲੈ ਆਉਣੀ। ਬ੍ਰਿਧ ਅਵਸਥਾ ਦੇ ਕਾਰਣ ਲੱਕ ਤਾਈਂ ਜਲ ਵਿੱਚੋਂ ਗਾਗਰ ਭਰ ਕੇ ਸਿਰ ਉੱਪਰ ਧਰਦੇ ਸੇ ਤੇ ਰਸਤੇ ਵਿੱਚ ਸਾਹ ਲੈਣ ਲਈ ਇੱਕ ਬੁਰਜੀ ਬਣਾਈ ਹੋਈ ਸੀ, ਜਿਸ ਪਰ ਗਾਗਰ ਧਰ ਕੇ ਸਾਹ ਲੈਂਦੇ ਤੇ ਫੇਰ ਓਸੇ ਉੱਚੀ ਥਾਉਂ ਤੋਂ ਸੁਖ ਪੂਰਬਕ ਸਿਰ ਪਰ ਧਰ ਕੇ ਲੈ ਆਉਂਦੇ। (ਜੋ ਹੁਣ ਦਮਦਮਾ ਨਾਮ ਕਰ ਕੇ ਮਸ਼ੂਹਰ ਹੈ) ਗੁਰੂ ਅੰਗਦ ਜੀ ਨੂੰ ਇਸ਼ਨਾਨ ਕਰਾ ਕੇ ਅਮਰਦਾਸ ਜੀ ਗੁਰੂ ਮੰਤ੍ਰ ਦਾ ਅਭਜਾਸ ਤੇ ਗੁਰ ਮੂਰਤਿ ਦਾ ਧਿਆਨ ਕਰਦੇ ਰਹਿੰਦੇ। ਦਿਨ ਚੜ੍ਹੇ ਲੰਗਰ ਦੀ ਟਹਿਲ ਕਰਦੇ, ਬਰਤਨ ਮਾਂਜਦੇ, ਝਾੜੂ ਦਿੰਦੇ ਅਰਥਾਤ ਕਿਸੇ ਸਮੇਂ ਵੇਹਲੇ ਨਾ ਬੈਠਦੇ ਅਤੇ ਪ੍ਰਸ਼ਾਦ ਜੈਸਾ ਲੰਗਰ ਦਾ ਮਿਲਦਾ ਓਹੋ ਛਕ ਛਡਦੇ।

ਗੋਇੰਦਵਾਲ ਦਾ ਵੱਸਣਾ

ਸੰਮਤ ੧੬੦੩ ਬਿਕ੍ਰਮੀ ਨੂੰ ਇੱਕ ਗੋਂਦੇ ਨਾਮ ਮਰਵਾਹੇ ਖੱਤ੍ਰੀ ਨੇ (ਜੋ ਸ਼ਾਹੀ ਕਾਰਦਾਰ ਸੀ) ਗੁਰੂ ਅੰਗਦ ਜੀ ਦੇ ਪਾਸ ਆ ਕੇ ਬੇਨਤੀ ਕੀਤੀ ਸੀ, "ਜੀ! ਇੱਕ ਥੇਹ ਸਾਡੇ ਵੱਡਿਆਂ ਦਾ ਹੈ। ਮੈਂ ਓਥੇ ਪਿੰਡ ਵਸਾਯਾ ਚਾਹੁੰਦਾ ਹਾਂ ਪਰ ਵੱਸਣਾ ਨਹੀਂ ਮਿਲਦਾ। ਤੁਸੀਂ ਸਹਾਇਤਾ ਕਰੋ, ਤਾਂ ਵੱਸ ਜਾਏ। ਅੱਧਾ ਪਿੰਡ ਤੁਹਾਡਾ ਹੋਯਾ, ਜਿਸ ਨੂੰ ਮਰਜ਼ੀ ਹੋਵੇ ਬਸਾਓ।"

ਗੁਰੂ ਜੀ ਨੇ ਆਪਣੀ ਛਟੀ ਦੇ ਕੇ ਗੁਰੂ ਅਮਰਦਾਸ ਜੀ ਨੂੰ ਗੋਇੰਦੇ ਮੱਲ ਨਾਲ ਭੇਜ ਕੇ ਹੁਕਮ ਦਿੱਤਾ, "ਜਿੱਥੋਂ ਤੱਕ ਇਹ ਸਾਡੀ ਛਟੀ ਅਮਰਦਾਸ ਜੀ ਦੇ ਹੱਥੋਂ ਫਿਰ ਜਾਊ ਓਥੋਂ ਤੱਕ ਪਿੰਡ ਦੀ ਜੂਹ ਵਿੱਚ ਕੋਈ ਵਿਰਧੀ ਨਾ ਰਹੂ।" ਸੋ ਓਹੋ ਹੋਈ। ਜਿੱਥੋਂ ਤੱਕ ਗੁਰੂ ਅਮਰਦਾਸ ਜੀ ਗੁਰੂ ਜੀ ਦੀ ਛਟੀ ਫੇਰ ਆਏ, ਓਥੋਂ ਤੱਕ ਪਿੰਡ ਵੱਸ ਗਿਆ। ਫੇਰ ਗੁਰੂ ਅੰਗਦ ਜੀ ਨੇ ਗੁਰੂ ਅਮਰਦਾਸ ਜੀ ਦੇ ਪੁੱਤ੍ਰ ਮੋਹਣ, ਮੋਹਰੀ ਆਦਿਕ ਹੋਰ ਭਾਈ ਭਤੀਜੇ ਭੀ ਬਾਸਰਕੇ ਪਿੰਡ ਤੋਂ ਬੁਲਾ ਕੇ ਓਥੇ ਵਸਾ ਦਿੱਤੇ।

ਜਦ ਗੁਰੂ ਨਾਨਕ ਜੀ ਨੇ ਗੁਰੂ ਅੰਗਦ ਜੀ ਨੂੰ ਗੁਰਿਆਈ ਦਿੱਤੀ ਸੀ ਤਦੋਂ ਸਿਰੀ ਚੰਦ ਨੇ ਕ੍ਰੋਧ ਕਰ ਕੇ ਏਹ ਸਰਾਪ ਦਿੱਤਾ ਸੀ ਕਿ ਦੇਖ ਭਾਈ ਕੋਹੜੀ ਕਿਰਾੜ ਸਾਡੀ ਗੁਰਿਆਈ ਲੈ ਗਿਆ। ਭਾਵੇਂ ਇਹ ਸਰਾਪ ਸ੍ਰੀ ਚੰਦ ਜੀ ਨੇ ਬੇਸਮਝੀ ਨਾਲ ਅਜੋਗ ਹੀ ਦਿੱਤਾ ਸੀ, ਪਰ ਗੁਰੂ ਅੰਗਦ ਜੀ ਨੇ ਆਪਣੇ ਗੁਰੂ ਦੇ ਪੁੱਤ੍ਰ ਦਾ ਬਚਨ ਸਫ਼ਲਾ ਕਰਨ ਲਈ ਆਪਣੇ ਚਰਨ ਦੇ ਇੱਕ ਅੰਗੂਠੇ ਉੱਤੇ ਉਸ ਮਰਜ਼ ਨੂੰ ਧਾਰਨ ਕਰ ਰੱਖਜਾ ਸੀ ਜਿਸ ਦੀ ਜਲਣਤਾ ਅਜੇਹੀ ਡਾਢੀ ਪੀੜਾ ਦੇ ਰਹੀ ਸੀ ਜੋ ਨੀਂਦ ਨਹੀਂ ਪੈਂਦੀ ਸੀ। ਸੋ ਜਦ ਤੱਕ ਗੁਰੂ ਅਮਰਦਾਸ ਜੀ ਆਪਣੇ ਮੂੰਹ ਵਿੱਚ ਅੰਗੂਠਾ ਲੈ ਕੇ ਬੈਠੇ ਰਹਿੰਦੇ ਓਤਨਾ ਚਿਰ ਨੀਂਦ ਆਉਂਦੀ। ਜਦ ਓਸ ਵਿੱਚੋਂ ਪਾਕ ਨਿੱਕਲ ਜਾਂਦੀ ਤਾਂ ਕੋਈ ਚਿਰ ਆਰਾਮ ਭੀ ਰਹਿੰਦਾ। ਇੱਕ ਦਿਨ ਓਸ ਪਾਕ ਦਾ ਦਾਗ਼ ਜਾਮੇ ਨੂੰ ਲੱਗਾ ਹੋਯਾ ਦੇਖ ਕੇ ਗੁਰੂ ਅਮਰਦਾਸ ਜੀ ਧੋਣ ਲੱਗੇ ਤਾਂ ਦਾਗ਼ ਉੱਤਰੇ ਨਹੀਂ, ਜਿਸ ਨੂੰ ਏਨ੍ਹਾਂ ਨੇ ਦੰਦਾਂ ਨਾਲ ਚੂਸ ਕੇ ਲਾਹਿਆ।

ਸੰਮਤ ੧੬੦੬ ਬਿਕ੍ਰਮੀ ਨੂੰ ਇੱਕ ਸੰਤ ਮੰਡਲੀ ਗੁਰੂ ਅੰਗਦ ਜੀ ਦੇ ਦਰਸ਼ਨ ਕਰਨ ਆਈ ਤੇ ਗੁਰੂ ਜੀ ਦੇ ਨੇਕ ਸੁਭਾਵ ਤੇ ਆਚਰਣ ਦੇਖ ਕੇ ਮੰਡਲੀ ਦੇ ਸਾਧੂ ਬਹੁਤ ਖ਼ੁਸ਼ ਹੋਏ। ਗੁਰੂ ਅਮਰਦਾਸ ਜੀ ਦੀ ਸੇਵਾ ਸੂਧਾ ਵੇਖ ਕੇ ਉਨ੍ਹਾਂ ਵਿੱਚੋਂ ਇੱਕ ਨੇ ਆਖਿਆ, "ਜੇ ਅੰਮ੍ਰਿਤੀ ਬੂਟੀ ਹੱਥ ਆਵੇ ਤਾਂ ਏਹ ਮਰਜ਼ ਹਟ ਜਾਏ।" ਗੁਰੂ ਅਮਰਦਾਸ ਜੀ ਓਸ ਸਾਧ ਨੂੰ ਨਾਲ ਲੈ ਕੇ ਬੂਟੀ ਖੋਜਣ ਚਲੇ ਗਏ। ਬਹੁਤ ਜੰਗਲ ਪਹਾੜ ਨਦੀਆਂ ਦੇ ਕਿਨਾਰੇ ਢੂੰਡੇ ਪਰ ਕਿਤੋਂ ਨਾ ਲੱਭੀ। ਓੜਕ ਜਦ ਓਸ ਢਾਬ ਕਿਨਾਰੇ ਆਏ, ਜਿਥੇ ਹੁਣ {ਅੰਮ੍ਰਿਤਸਰ ਵਾਲੀ ਥਾਂ ਤੋਂ ਅਮਰ ਬੂਟੀ ਮਿਲੀ} ਅੰਮ੍ਰਿਤਸਰ ਤੀਰਥ ਹੈ, ਤਾਂ ਓਥੋਂ ਅਮਰ ਬੂਟੀ ਲੱਭ ਪਈ। ਸੰਤ ਬੜੇ ਖ਼ੁਸ਼ੀ ਹੋਏ। ਜਦ ਓਹ ਰਗੜ ਕੇ ਗੁਰੂ ਅੰਗਦ ਜੀ ਦੇ ਚਰਨਾਂ ਨੂੰ ਲਾਈ ਤਾਂ ਤੁਰਤ ਪੀੜਾ ਦਾ ਆਰਾਮ ਹੋ ਗਿਆ।

ਗੁਰੂ ਅਮਰਦਾਸ ਜੀ ਨੂੰ ਗੱਦੀ ਮਿਲਣੀ

ਗੁਰੂ ਅੰਗਦ ਜੀ ਤਾਂ ਗੁਰੂ ਅਮਰਦਾਸ ਜੀ ਉੱਪਰ ਪਹਿਲੇ ਹੀ ਸਰਬ ਪ੍ਰਕਾਰ ਖ਼ੁਸ਼ੀ ਸੇ। ਫੇਰ ਇੱਕ ਦਿਨ ਪੋਹ ਮਾਘ ਦੇ ਮਹੀਨੇ ਡਾਢੀ ਤੇਜ਼ ਬਰਖਾ ਤੇ ਪੌਣ ਵਿੱਚ ਗੁਰੂ ਅਮਰਦਾਸ ਜੀ {ਕਸਵੱਟੀ} ਜਦ ਜਲ ਦੀ ਭਰੀ ਹੋਈ ਗਾਗਰ ਬਿਆਸਾ ਤੋਂ ਲੈ ਕੇ ਆਏ ਤਾਂ ਰਾਹ ਵਿੱਚ ਪਿੰਡ ਦੇ ਪਾਸ ਇੱਕ ਜੁਲਾਹੇ ਦੀ ਮਾਣੀ ਖਿੱਚਣ ਵਾਲੀ ਕਿੱਲੀ ਸੀ, ਓਸ ਨਾਲ ਅੜ ਕੇ ਡਿੱਗ ਪਏ ਪਰੰਤੂ ਜਲ ਨਾ ਡੁੱਲ੍ਹਣ ਦਿੱਤਾ। ਜਦ ਗੁਰੂ ਜੀ ਇਸ ਪ੍ਰਕਾਰ ਡਿੱਗੇ ਤਾਂ ਬੜੇ ਖੜਾਕ ਹੋਣ ਦੀ ਆਵਾਜ਼ ਸੁਣ ਕੇ ਜੁਲਾਹੇ ਨੇ ਜੁਲਾਹੀ ਨੂੰ ਪੁਛਿਆ, "ਏਹ ਖੜਾਕ ਕੇਹਾ ਹੈ?" ਓਸ ਨੇ ਆਖਿਆ, "ਹੋਵੇਗਾ ਅਮਰੂ ਨਿਥਾਵਾਂ, ਨਿਮਾਣਾ, ਗੁਰੂ ਅੰਗਦ ਜੀ ਦਾ ਰੋਟੀਆ ਚਾਕਰ; ਜਿਸ ਨੂੰ ਨਾ ਦਿਨੇ ਆਰਾਮ ਹੈ ਨਾ ਰਾਤ। ਹੋਰ ਐਸ ਵੇਲੇ ਭਲਾ ਕੌਣ ਘਰ ਥੀਂ ਨਿੱਕਲਦਾ ਹੈ?" ਇਸ ਪ੍ਰਕਾਰ ਦੀਆਂ ਤਾਨ੍ਹੇ ਵਾਲੀਆਂ ਗੱਲਾਂ ਸੁਣ ਕੇ ਗੁਰੂ ਅਮਰਦਾਸ ਜੀ ਨੇ ਓਸੇ ਵੇਲੇ ਐਉਂ ਕਰ ਦਿੱਤੀਆਂ ਜਿਕੂੰ ਕਦੀ ਸੁਣੀਆਂ ਹੀ ਨਹੀਂ ਅਤੇ ਓਸੇ ਤਰ੍ਹਾਂ ਗਾਗਰ ਲੈ ਕੇ ਗੁਰੂ ਅੰਗਦ ਜੀ ਦਾ ਅਸ਼ਨਾਨ ਆ ਕਰਾਯਾ।

ਜਦ ਦਿਨ ਚੜ੍ਹਿਆ ਤਾਂ ਗੁਰੂ ਅੰਗਦ ਜੀ ਨੇ ਸਭਾ ਲਗਾ ਕੇ ਗੁਰੂ ਅਮਰਦਾਸ ਜੀ ਨੂੰ ਪੁੱਛਿਆ "ਪੁਰਖਾ! ਦੱਸ ਖਾਂ ਰਾਤੀਂ ਜੁਲਾਹੇ ਜੁਲਾਹੀ ਨੇ ਕੀ ਆਖਜਾ ਸੀ?" ਗੁਰੂ ਅਮਰਦਾਸ ਜੀ ਨੇ ਹੱਥ ਜੋੜ ਕੇ ਆਖਜਾ, "ਮਹਾਰਾਜ! ਆਪ ਘਟ ਘਟ ਦੀ ਜਾਨਣ ਵਾਲੇ ਹੋ ਆਪ ਤੋਂ ਕੁਛ ਗੁੱਝਾ ਨਹੀਂ।" ਤਦ ਗੁਰੂ ਅੰਗਦ ਜੀ ਨੇ ਸਾਰੀ ਸੰਗਤ ਨੂੰ ਜੁਲਾਹੀ ਵਾਲਾ ਪ੍ਰਸੰਗ ਸੁਣਾ ਕੇ ਗੁਰੂ ਅਮਰਦਾਸ ਜੀ ਨੂੰ ਬੁੱਕਲ ਵਿੱਚ ਲੈ ਕੇ ਏਹ ਵਰ ਦਿੱਤੇ, ਅਮਰਦਾਸ {ਪਾ: ੩ ਨੂੰ ਗੁਰਤਾ ਪ੍ਰਾਪਤ ਹੋਣੀ} 'ਨਿਮਾਣਿਆਂ ਦਾ ਮਾਣ' 'ਨਿਥਾਵਿਆਂ ਦਾ ਥਾਉਂ' 'ਨਿਓਟਿਆਂ ਦੀ ਓਟ' 'ਨਿਧਰਿਆਂ ਦੀ ਧਰਿ' 'ਨਿਆਸਰਿਆਂ ਦਾ ਆਸਰਾ' 'ਗਈ ਬਹੋੜ' 'ਬੰਦੀ ਛੋੜ' ਹੋਵੇਗਾ ਤੇ ਫੇਰ ਓਸੇ ਘੜੀ ਗੁਰੂ ਅਮਰਦਾਸ ਜੀ ਨੂੰ ਨਵੀਂ ਪੌਸ਼ਾਕ ਪਹਿਨਾ ਕੇ ਗੱਦੀ ਪਰ ਬੈਠਾ ਦਿੱਤਾ ਅਤੇ ੧ ਮਾਘ ਸੰਮਤ ੧੬੦੯ ਬਿਕ੍ਰਮੀ ਨੂੰ ਬਾਬੇ ਬੁੱਢੇ ਜੀ ਦੇ ਹੱਥੋਂ ਗੁਰਿਆਈ ਦਾ ਤਿਲਕ ਦਿਵਾਕਰ ਪੰਜ ਪੈਸੇ ਇੱਕ ਨਾਲੀਏਰ ਅੱਗੇ ਰੱਖ ਕੇ ਗੁਰੂ ਜੀ ਨੇ ਮੱਥਾ ਟੇਕ ਦਿੱਤਾ ਤੇ ਸਭ ਸੰਗਤ ਤੋਂ ਟਿਕਾ ਦਿੱਤਾ।

ਗੁਰੂ ਅੰਗਦ ਜੀ ਦੇ ਇੱਕ ਪੁੱਤ੍ਰ ਦਾਸੂ ਜੀ ਨੇ ਤਾਂ ਮੱਥਾ ਟੇਕ ਦਿੱਤਾ ਪਰ ਦੂਜੇ ਦਾਤੂ ਜੀ ਸਗੋਂ ਕ੍ਰੋਧਿਤ ਹੋ ਕੇ ਗਾਲੀਆਂ ਦਿੰਦੇ ਹੋਏ ਆਪਣੇ ਘਰ ਨੂੰ ਚਲੇ ਗਏ। ਗੁਰੂ ਅੰਗਦ ਜੀ ਨੇ ਬਚਨ ਕੀਤਾ ਅੱਜ ਤੋਂ ਜੋ ਕੋਈ ਅਮਰ ਦੇਵ ਜੀ ਨੂੰ ਮੇਰਾ ਸਰੂਪ ਕਰ ਕੇ ਮੰਨੇਗਾ ਸੋ ਨਿਹਾਲ ਹੋਵੇਗਾ।

ਏਥੇ ਏਹ ਭੀ ਦੱਸ ਦੇਣਾ ਜ਼ਰੂਰੀ ਹੈ ਕਿ ਗੁਰੂ ਅੰਗਦ ਜੀ ਬਰਸ ਪਿੱਛੋਂ ਜਦ ਹੋਰਨਾਂ ਸਿੱਖਾਂ ਸੇਵਕਾਂ ਨੂੰ ਰੁਜ਼ੀਨਾ ਪੁਸ਼ਾਕੀਆਂ ਦਿੰਦੇ ਹੁੰਦੇ ਸੇ ਤਾਂ ਗੁਰੂ ਅਮਰਦਾਸ ਜੀ ਨੂੰ ਭੀ ਇੱਕ ਚਾਦਰ, ਇੱਕ ਰੁਮਾਲ, ਇੱਕ ਦਸਤਾਰਾ, ਆਪਣਾ ਉਤਾਰ ਦੇ ਛੱਡਦੇ। ਗੁਰੂ ਅਮਰਦਾਸ ਜੀ ਦਸਤਾਰਾ ਤਾਂ ਸਿਰ ਬੰਨ੍ਹ ਛੱਡਦੇ ਤੇ ਤੀਸਰੇ ਬਰਸ ਜੋ ਇੱਕ ਕੰਬਲੀ ਮਿਲਦੀ ਓਸੇ ਵਿੱਚ ਗੁਜ਼ਾਰਾ ਕਰਦੇ ਰਹਿੰਦੇ, ਸੋ ਗੱਦੀ ਦੇਣ ਸਮੇਂ ਜਦ ਉਹ ਮੁੰਡਾਸਾ ਸਿਰ ਉਤੋਂ ਉਤਾਰਿਆ ਤਾਂ ਛੀ ਸੇਰ ਪੱਕੇ ਲਾਹੌਰੀ ਤੋਲ ਦਾ ਹੋਯਾ, ਜਿਸ ਨੂੰ ਵੇਖ ਕੇ ਗੁਰੂ ਜੀ ਨੇ ਏਹ ਵਰ ਦਿੱਤਾ ਕਿ ਇਹ 'ਵੱਡਾ ਭਾਰਾ ਗੁਰੂ ਹੋਵੇਗਾ।'

ਗੁਰੂ ਅਮਰਦਾਸ ਜੀ ਦਾ ਆਚਰਨ

ਜਦ ਏਨ੍ਹਾਂ ਨੂੰ ਗੱਦੀ ਹੋਈ ਤਾਂ ਏਨ੍ਹਾਂ ਨਾਲ ਗੁਰੂ ਅੰਗਦ ਜੀ ਦੇ ਪੁੱਤ੍ਰ ਦਾਸੂ, ਦਾਤੂ ਜੀ ਬਾਤ ਬਿਵਾਦ ਰੱਖਣ ਲਗੇ। ਤਦ ਗੁਰੂ ਅੰਗਦ ਜੀ ਨੇ ਗੁਰੂ ਅਮਰਦਾਸ ਜੀ ਨੂੰ ਗੋਇੰਦਵਾਲ ਭੇਜ ਦਿੱਤਾ। ਪਰ ਫੇਰ ਭੀ ਜਦੋਂ ਤੱਕ ਗੁਰੂ ਅੰਗਦ ਜੀ ਨੇ ਚੋਲਾ ਨਾ ਛੱਡਿਆ ਤਦ ਤੱਕ ਰੋਜ਼ ਅੰਮ੍ਰਿਤ ਵੇਲੇ ਦਰਸ਼ਨ ਕਰ ਕੇ ਫੇਰ ਗੋਇੰਦਵਾਲ ਆ ਜਾਂਦੇ ਰਹੇ।

ਗੁਰੂ ਅਮਰਦਾਸ ਜੀ ਨਿੱਤ ਅੰਮ੍ਰਿਤ ਵੇਲੇ ਡੇਢ ਪਹਿਰ ਦੇ ਤੜਕੇ ਜਾਗਦੇ। ਸਾਧ ਸੰਗਤ ਨੂੰ ਭੀ ਓਸੇ ਵੇਲੇ ਜਾਗ ਕਰ ਕੇ ਇਸਨਾਨ ਤੇ ਨਾਮ ਜਪਣ ਦਾ ਹੁਕਮ ਦੇ ਰੱਖਿਆ ਸੀ, ਅਤੇ ਆਪ ਗੁਰੂ ਜੀ ਸੋਚ ਇਸ਼ਨਾਨ ਬਿਆਸਾ ਦੇ ਜਲ ਨਾਲ ਕਰਦੇ। (ਜੋ ਭਾਈ ਭਾਨਾ ਜ਼ਿਮੀਦਾਰ ਸਿੱਖ ਨੇਮ ਨਾਲ ਲਿਆਯਾ ਕਰਦਾ ਸੀ) ਓਹ ਜਲ ਤੱਤਾ ਕਰਾ ਕੇ ਇਸ਼ਨਾਨ ਕਰ ਕੇ ਪਾਰਬ੍ਰਹਮ ਦੇ ਧਯਾਨ ਵਿੱਚ ਜੁੜ ਜਾਂਦੇ। ਪਹੁ ਫੁੱਟੀ ਤੋਂ ਸੁਫ਼ੈਦ ਪੁਸ਼ਾਕਾ ਪਹਿਨ ਕੇ ਸਿੰਘਾਸਨ ਉੱਤੇ ਆ ਬੈਠਦੇ। ਭਾਈ ਸਾਦੂ ਬਾਦੂ ਕੀਰਤਨ ਕਰਦੇ ਤੇ ਗੁਰੂ ਜੀ ਸਿੱਖਾਂ ਨੂੰ ਦਰਸ਼ਨ ਉਪਦੇਸ਼ ਦੇ ਕੇ ਨਿਹਾਲ ਕਰਦੇ।

ਏਨ੍ਹਾਂ ਗੁਰੂ ਸਾਹਿਬਾਂ ਦਾ ਸੁਭਾਵ ਸੀ ਕਿ ਪ੍ਰੇਮੀ, ਭਗਤ ਸਿੱਖ ਸਾਧ ਨਾਲ ਬਹੁਤ ਪਿਆਰ ਤੇ ਪ੍ਰਮਾਰਥ ਦੇ ਬਚਨ ਕਰਦੇ ਤੇ ਸ਼ਬਦ ਉਚਾਰ ਕੇ ਸੁਣਾਉਂਦੇ ਰਹਿੰਦੇ ਤੇ ਧਨ ਵਾਲੇ ਸੰਸਾਰੀ ਵਿਹਾਰੀ ਸਿੱਖ ਨਾਲ ਘੱਟ ਪ੍ਰੇਮ ਰੱਖਦੇ। ਏਨ੍ਹਾਂ ਦਾ ਏਹ ਭੀ ਹੁਕਮ ਸੀ ਕਿ ਹਰ ਕੋਈ ਪਹਿਲੇ ਲੰਗਰੋਂ ਪ੍ਰਸ਼ਾਦ ਛਕੇ ਫੇਰ ਆ ਕੇ ਦਰਸ਼ਨ ਦੇਵੇ। ਬਿਨਾਂ ਪ੍ਰਸ਼ਾਦ ਛਕੇ ਦੇ ਕਿਸੇ ਦਾ ਦਰਸ਼ਨ ਨਹੀਂ ਕਰਦੇ ਸੇ, ਭਾਵੇਂ ਬਾਦਸ਼ਾਹ ਕਯੋਂ ਨਾ ਹੋਵੇ। ਉਦਾਰ ਤੇ ਤਿਆਗੀ ਐਡੇ ਸੇ ਕਿ ਜੋ ਰੋਜ਼ ਦੀ ਆਮਦਨੀ ਹੁੰਦੀ ਸਭ ਰਾਤ ਨੂੰ ਮੁਕਾ ਕੇ ਬਿਰਾਜਦੇ। ਅਕਾਲ ਪੁਰਖ ਤੇ ਆਪਨੀ ਪਰਾਰਬਧ ਉੱਪਰ ਐਡਾ ਭਰੋਸਾ ਸੀ ਕਿ ਰਾਤ ਨੂੰ ਪਾਣੀ ਦੇ ਘੜੇ ਭੀ ਮੁਧੇ ਮਰਵਾ ਛੱਡਦੇ ਅਤੇ ਨਾ ਹੀ ਕੋਈ ਚੀਜ਼ ਖਾਣ ਪੀਣ ਦੀ ਭੰਡਾਰੇ ਵਿੱਚ ਰਹਿਣ ਦਿੰਦੇ। ਤਤਿਖਯਾ ਏਤਨੀ ਸੀ ਕਿ ਇੱਕ ਕੰਧ ਵਿੱਚ ਕਿੱਲੀ ਗੱਡ ਰੱਖੀ ਸੀ। ਓਸ ਨੂੰ ਫੜ ਕੇ ਸਾਰਾ ਦਿਨ ਜਪ ਕਰਦੇ। ਪਲੰਘ ਉੱਤੇ ਪਿੱਠ ਲਾ ਕੇ ਕਦੀ ਨਹੀਂ ਸੁਤੇ। ਲੰਗਰ ਵਿੱਚ ਭੋਜਨ ਬਹੁਤ ਹੱਛਾ ਬਣਵਾਉਂਦੇ। ਸਭ ਨੂੰ ਇਕੋ ਜਿਹਾ ਦਿਵਾਉਂਦੇ। ਆਪ ਕੇਵਲ ਅਲੂਣਾ ਓਗਰਾ* ਤੇ ਇੱਕ ਪਾਈਆ ਦੁੱਧ ਛਕਦੇ ਸੇ।

---

*ਭੁੰਨੀ ਹੋਈ ਕਣਕ ਦਾ ਦਲੀਆ ਘਿਓ ਮਿੱਠਾ ਪਾ ਕੇ ਰਿੰਨ੍ਹਣ ਨੂੰ ਓਗਰਾ ਆਖਦੇ ਹਨ। ਜੋਗਾਭਯਾਸ ਕਰਨ ਵਾਲੇ ਸੰਤ ਲੋਕ ਸਭ ਏਹੋ ਛਕਦੇ ਹਨ।

ਸਾਉਣ ਮੱਲ ਦਾ ਪ੍ਰਸੰਗ

ਗੁਰੂ ਸਾਹਿਬ ਦੀ ਸੋਭਾ ਸੁਣ ਸੁਣ ਕੇ ਸਿੱਖ ਸੰਗਤ ਅਤੇ ਦੂਸਰੇ ਪੰਥਾਂ ਭੇਖਾਂ ਦੇ ਹਿੰਦੂ ਮੁਸਲਮਾਨ ਫ਼ਕੀਰ ਸਤਸੰਗ ਕਰਨ ਵਾਸਤੇ ਆ ਕੇ ਬਹੁਤ ਟਿਕੇ ਰਹਿੰਦੇ। ਮਾਘ ਸੰਮਤ ੧੬੧੨ ਬਿਕ੍ਰਮੀ ਨੂੰ ਭਾਈ ਬੱਲੂ ਨਾਈ ਸਿੱਖ ਨੇ (ਜੋ ਹਰ ਵੇਲੇ ਹਜ਼ੂਰੀ ਟਹਿਲ ਵਿੱਚ ਰਿਹਾ ਕਰਦਾ ਸੀ) ਸਿੱਖਾਂ ਸਾਧਾਂ ਨੂੰ ਮਕਾਨਾਂ ਤੋਂ ਬਿਨਾਂ ਔਖੇ ਹੁੰਦੇ ਦੇਖ ਕੇ ਅਰਜ਼ ਕੀਤੀ, "ਮਹਾਰਾਜ! ਮਕਾਨਾਂ ਤੋਂ ਬਿਨਾਂ ਸੰਗਤ ਔਖੀ ਰਹਿੰਦੀ ਹੈ।" ਏਹ ਸੁਣ ਕੇ ਗੁਰੂ ਜੀ ਨੇ ਆਪਣੇ ਭਤੀਜੇ ਸਾਉਣ ਮੱਲ ਨੂੰ ਹੁਕਮ ਦਿੱਤਾ ਕਿ ਤੂੰ ਹਰੀ ਪੁਰ ਕਾਂਗੜੇ ਵੰਨੀ ਜਾਹ। ਲਕੜੀ ਦੇ ਬੇੜੇ ਬੰਧਵਾ ਬੰਧਵਾ ਕੇ ਭੇਜ। ਓਸ ਨੇ ਪ੍ਰਾਰਥਨਾ ਕੀਤੀ, "ਮਹਾਰਾਜ! ਪਹਾੜੀ ਲੋਗ ਬਡੇ ਖ਼ਰਾਬ ਤੋਤੇ ਚਸ਼ਮ ਹਨ। ਰੁਪਯੇ ਯਾ ਕਰਾਮਾਤ ਦੇਈਏ ਤਾਂ ਦਾਸ ਬਣਦੇ ਹਨ।" ਗੁਰੂ ਜੀ ਨੇ ਆਪਣੇ ਹੱਥ ਦਾ ਰੁਮਾਲ ਸਾਉਣ ਮਲ ਨੂੰ ਦੇ ਕੇ ਬਚਨ ਕੀਤਾ ਕਿ ਜੋ ਕੁਛ ਤੇਰੀ ਇੱਛਜਾ ਹੋਊ ਸਭ ਏਸ ਤੋਂ ਪੂਰੀ ਹੋ ਜਾਊ। ਜਾਂ ਬਚਨ ਮੰਨ ਕੇ ਸਾਉਣ ਮੱਲ ਤਜਾਰ ਹੋਯਾ ਤਾਂ ਓਸ ਦੀ ਮਾਈ ਨੇ ਆ ਕੇ ਗੁਰੂ ਜੀ ਅੱਗੇ ਬੇਨਤੀ ਕੀਤੀ, "ਜੀ ਸੱਚੇ ਪਾਤਸ਼ਾਹ! ਪਹਾੜ ਵਿੱਚ ਜਾਦੂ ਟੂਣੇ ਤੇ ਡਾਇਣਾਂ ਬਹੁਤ ਹਨ। ਮੇਰਾ ਪੁੱਤ੍ਰ ਓਨ੍ਹਾਂ ਕਦੋਂ ਛੱਡਣਾ?" ਗੁਰੂ ਜੀ ਨੇ ਆਖਜਾ, "ਤੇਰੇ ਪੁੱਤ੍ਰ ਦਾ ਗੁਰ ਰਾਖਾ ਹੈ। ਤੂੰ ਫ਼ਿਕਰ ਨਾ ਕਰ ਏਹ ਸਭ ਨੂੰ ਜਿੱਤ ਲਏਗਾ ਤੇ ਪਹਾੜੀ ਦਾ ਪੀਰ ਸਦਾਵੇਗਾ।" ਏਹ ਵਰ ਸੁਣ ਕੇ ਸਾਉਣ ਮੱਲ, ਧਰਮੇ ਤਕਿਆਰ ਖਤ੍ਰੀ ਆਦਿਕ ਪੰਜਾਂ ਸਿੱਖਾਂ ਸਮੇਤ (ਜਿਨ੍ਹਾਂ ਨੂੰ ਗੁਰੂ ਜੀ ਨੇ ਓਸ ਦੇ ਨਾਲ ਭੇਜਿਆ ਸੀ) ਕਾਂਗੜੇ ਦੇ ਜ਼ਿਲੇ ਵਿੱਚ ਹਰੀ ਪੁਰ ਜਾ ਰਿਹਾ।

ਰਾਜਾ ਹਰੀ ਪੁਰ ਵਾਲਾ ਬੈਰਾਗੀ ਫ਼ਕੀਰਾਂ ਦਾ ਸੇਵਕ ਸੀ। ਓਨ੍ਹਾਂ ਦੇ ਹੁਕਮ ਅਨੁਸਾਰ ਇਕਾਦਸੀ ਦਾ ਬ੍ਰਤ ਆਪ ਰੱਖਦਾ ਤੇ ਪ੍ਰਜਾ ਤੋਂ ਰਖਵਾਉਂਦਾ ਸੀ। ਬ੍ਰਤ ਵਾਲੇ ਦਿਨ ਕਿਸੇ ਦੇ ਘਰ ਅੱਗ ਨਹੀਂ ਬਾਲੀ ਜਾਂਦੀ ਸੀ ਤੇ ਸਭ ਨੂੰ ਜ਼ੋਰ ਨਾਲ ਨਿਰਾਹਾਰ ਬ੍ਰਤ ਰਖਾਯਾ ਜਾਂਦਾ। ਓਸ ਦਿਨ ਭਾਈ ਸਾਉਣ ਮੱਲ ਨੇ ਲੰਗਰ ਚੜ੍ਹਾ ਦਿੱਤਾ। ਧੂਆਂ ਦੇਖ ਕੇ ਕੁਤਵਾਲ ਆਯਾ। ਅੱਗੇ ਕਈ ਫ਼ਕੀਰ, ਗ਼ਰੀਬ ਸਾਧੂ ਜੋ ਪ੍ਰਸ਼ਾਦ ਛਕ ਰਹੇ ਸੇ, ਸਭ ਨੂੰ ਫੜ ਕੇ ਰਾਜਾ ਪਾਸ ਲੈ ਗਿਆ। ਰਾਜੇ ਨੇ ਆਖਿਆ, "ਤੁਸਾਂ ਮੇਰੇ ਰਾਜ ਵਿੱਚ ਆ ਕੇ ਏਕਾਦਸੀ ਦੇ ਬ੍ਰਤ ਨੇਮ ਕਰਨ ਦੀ ਥਾਂ ਅੰਨ ਕਿਉ ਖਾਧਾ?" ਭਾਈ ਸਾਉਣ ਮੱਲ ਨੇ ਆਖਿਆ, "ਸਾਡੇ ਗੁਰੂ ਜੀ ਦਾ ਹੁਕਮ ਹੈ:

ਖਾਣਾ ਪੀਣਾ ਪਵਿਤ੍ਰੁ ਹੈ ਦਿਤੋਨੁ ਰਿਜਕੁ ਸੰਬਾਹਿ ॥

(ਵਾਰ-ਆਸਾ, ਮ: ੧ - ੪੭੨)

ਪਰਮੇਸ਼ਰ ਨੇ ਰਿਜਕ ਛਕਣ ਵਾਸਤੇ ਬਣਾਯਾ ਹੈ। ਤੁਸੀਂ ਤਾਂ ਪੰਦ੍ਹੀਂ ਦਿਨੀ ਇੱਕ ਬਰਤ ਰੱਖਦੇ ਹੋ ਤੇ ਅਸੀਂ ਰੋਜ਼ ਬਰਤ ਰੱਖਦੇ ਹਾਂ ਕਿਉਂਕਿ ਇੰਦ੍ਰੀਆਂ ਨੂੰ ਸੰਜਮ ਵਿੱਚ ਬਰਤਾਉਣਾ, ਥੋੜ੍ਹਾ ਖਾਣਾ ਥੋੜ੍ਹਾ ਸੌਣਾ, ਪਰ ਤਨ, ਪਰ ਧਨ, ਪਰਨਿੰਦਾ ਦਾ ਤਿਆਗ ਕਰਨਾ; ਏਹ ਸਦੀਵ ਸੱਚਾ ਬਰਤ ਅਸੀਂ ਰੱਖਦੇ ਹਾਂ। ਤੁਹਾਨੂੰ ਭੀ ਏਹੋ ਬਰਤ ਰੱਖਣਾ ਚਾਹੀਦਾ ਹੈ।"

ਰਾਜੇ ਦੇ ਗੁਰੂ ਬੈਰਾਗੀ ਨੇ ਰਾਜਾ ਨੂੰ ਆਖਿਆ, "ਏਹ ਹੁਕਮ ਨਹੀਂ ਮੰਨਦੇ ਕੈਦ ਦੀ ਲਾਇਕ ਹਨ।" ਰਾਜੇ ਨੇ ਏਨ੍ਹਾਂ ਨੂੰ ਕੈਦ ਵਿੱਚ ਭੇਜ ਦਿੱਤਾ। ਦ੍ਵਾਦਸ਼ੀ ਵਾਲੇ ਦਿਨ ਬ੍ਰਤ ਖੋਲ੍ਹਿਆ ਤਾਂ ਰਾਜੇ ਦਾ ਜੋ ਇਕੋ ਇੱਕ ਪੁੱਤ੍ਰ ਸੀ ਓਹ ਅਧਕ ਪ੍ਰਸ਼ਾਦ ਛਕਣੇ ਤੋਂ ਹੈਜਾ ਹੋ ਕੇ ਮਰ ਗਿਆ। ਰਾਜਾ ਰਾਣੀ, ਮੰਤ੍ਰੀ, ਪਰਜਾ ਸਭ ਰੋਣ ਪਿੱਟਨ ਲੱਗੇ ਤਾਂ ਇੱਕ 'ਨਕੋਦਰ' ਨਾਮ ਬ੍ਰਾਹਮਣ ਬਡਾ ਪੰਡਤ ਜੋਤਸ਼ੀ, ਓਥੇ ਜੋ ਗੁਰੂ ਕੇ ਪ੍ਰਤਾਪ ਨੂੰ ਜਾਣਦਾ ਸੀ; ਓਸ ਨੇ ਰਾਜੇ ਨੂੰ ਆਖਜਾ, "ਸਿੱਖਾਂ ਨੂੰ ਤੁਸਾਂ ਬਿਨਾਂ ਕਾਰਣ ਬੰਨ੍ਹ ਰੱਖਜਾ ਹੈ। ਓਹਨਾਂ ਦੇ ਸਰਾਪ ਨੇ ਇਹ ਦੁਖ ਤੁਸਾਨੂੰ ਦਿੱਤਾ ਹੈ। ਉਨ੍ਹਾਂ ਦੀ ਖ਼ੁਸ਼ੀ ਲਓ ਤਾਂ ਸ਼ਾਇਦ ਤੁਹਾਡਾ ਪੁੱਤ੍ਰ ਭੀ ਜੀਉ ਉੱਠੇ।" ਰਾਜੇ ਨੇ ਓਸੇ ਘੜੀ ਸਿੱਖਾਂ ਨੂੰ ਆਦਰ ਨਾਲ ਬੁਲਾ ਕੇ ਬੇਨਤੀ ਆਜਜ਼ੀ ਕੀਤੀ ਤੇ ਅਵੱਗਜਾ ਦੀ ਮਾਫ਼ੀ ਮੰਗੀ। ਭਾਈ ਸਾਉਣ ਨੇ ਆਖਿਆ, "ਜੇ ਤੁਸੀਂ ਸਭ ਗੁਰੂ ਕੇ ਸਿੱਖ ਬਣੋ ਤਾਂ ਕੌਰ ਜੀਵੇਗਾ।" ਰਾਜੇ ਨੇ ਸਿੱਖ ਹੋਣਾ ਮੰਨਿਆਂ ਤਾਂ ਭਾਈ ਸਾਉਣ ਮੱਲ ਨੇ ਗੁਰੂ ਜੀ ਦਾ ਧਿਆਨ ਧਰ ਕੇ, ਜਪੁਜੀ ਸਾਹਿਬ ਦਾ ਪਾਠ

ਕਰ, ਗੁਰੂ ਅਮਰ ਦੇਵ ਜੀ ਵਾਲੇ ਰੁਮਾਲ ਦਾ ਲੜ ਧੋ ਕੇ, ਅਰਦਾਸ ਕਰ, ਜਦ ਓਸ ਰਾਜ ਕੰਵਰ ਦੇ ਮੂੰਹ ਵਿੱਚ ਜਲ ਪਾਯਾ; ਤਾਂ ਛਿਨ ਕੁ ਭਰ ਪਿੱਛੋਂ ਕੌਰ ਅੱਖਾਂ ਖੋਲ੍ਹ ਆਯਾ। ਫੇਰ ਤਾਂ ਰਾਜਾ ਰਾਣੀ ਪੁੱਤ੍ਰ ਦਾ ਮੂੰਹ ਤੇ ਭਾਈ ਸਾਉਣ ਮੱਲ ਦੇ ਚਰਨ ਚੁੰਮਣ ਲੱਗ ਪਏ ਅਤੇ ਸਭ ਲੋਗ 'ਧੰਨਜ ਗੁਰੂ ਕੇ ਸਿੱਖ' 'ਧੰਨਜ ਗੁਰੂ' ਬੋਲ ਉੱਠੇ ਤੇ ਸਭ ਨੇ ਖ਼ੁਸ਼ੀ ਮਨਾਈ। ਭਾਈ ਸਾਉਣ ਮੱਲ ਦਾ ਬਹੁਤ ਮਾਨ ਹੋਯਾ। ਰਾਜਾ ਓਸੇ ਦਿਨ ਬੈਰਾਗੀਆਂ ਦੀ ਕੰਠੀ ਤੋੜ ਕਰ ਰਾਣੀਆਂ ਤੇ ਮੰਤ੍ਰੀਆਂ ਸਮੇਤ ਸਤਿਨਾਮ ਦਾ ਜਾਪਕ ਸਿਦਕੀ ਸਿੱਖ ਗੁਰੂ ਜੀ ਦਾ ਬਣ ਗਿਆ। ਫੇਰ ਹੱਥ ਜੋੜ ਕੇ ਟਹਿਲ ਪੁਛੀ ਤਾਂ ਭਾਈ ਸਾਉਣ ਮੱਲ ਨੇ ਆਖਿਆ, "ਮੇਰੇ ਸਤਿਗੁਰੂ ਜੀ ਧਰਮ ਸਾਲਾ ਆਦਿਕ ਮਕਾਨ ਸਿੱਖਾਂ ਸਾਧਾਂ ਵਾਸਤੇ ਤਿਆਰ ਕਰਾਉਂਦੇ ਹਨ। ਮੈਨੂੰ ਲੱਕੜੀਆਂ ਵਾਸਤੇ ਭੇਜਿਆ ਹੈ।" ਰਾਜੇ ਨੇ ਓਸੇ ਦਿਨ ਤੋਂ ਬੜੇ ਬੜੇ ਬ੍ਰਿਛ ਸਾਲ, ਦਿਆਰ, ਬਿਆਰ, ਸਾਗਵਾਨ, ਦੇਵਦਾਰ ਆਦਿਕ ਕਟਵਾ ਕਟਵਾ ਕੇ ਤੁਲੇ, ਬੇੜੇ ਬੰਧਵਾ ਕਰ ਬਿਆਸਾ ਵਿੱਚੋਂ ਗੋਇੰਦਵਾਲ ਭੇਜਣੇ ਸ਼ੁਰੂ ਕਰ ਦਿੱਤੇ। ਗੰਗਾ ਜੀ ਦੇ ਕਿਨਾਰੇ ਕਾਂਸ਼ੀ ਪੁਰੀ ਵਾਂਗੂੰ ਬਜਾਸ ਤੀਰੇ ਕਲਜੁਗੀ ਜੀਵਾਂ ਦੀ ਕਲਜਾਣ ਵਾਸਤੇ ਗੁਰੂ ਸਾਹਿਬ ਨੇ ਗੋਇੰਦਵਾਲ ਪੁਰੀ ਜੋ ਬਸਾਈ ਸੀ; ਸੋ ਬਡੇ ਬਡੇ ਮਕਾਨ, ਦਲਾਨ ਬਨਵਾ ਦਿੱਤੇ। ਪੁਰ ਵਾਸੀ ਲੋਗਾਂ ਨੇ ਭੀ ਬਾਂਛਿਤ ਲਕੜੀ ਮਿਲ ਜਾਣੇ ਕਰ ਬਡੇ ਬਡੇ ਸੁੰਦਰ ਘਰ ਬਣਾ ਲੀਤੇ।

ਓਧਰ ਭਾਈ ਸਾਉਣ ਮੱਲ ਨੇ ਭੀ ਗੁਰੂ ਕੇ ਰੁਮਾਲਾਂ ਦੇ ਪ੍ਰਤਾਪ ਨਾਲ ਸਾਰੇ ਪ੍ਰਬਤੀ ਲੋਗ ਚਿੱਤਾ ਕਰ ਸੇਵਕ ਬਣਾ ਲਏ ਤਾਂ ਬਹੁਤ ਮਾਨ ਹੋ ਗਿਆ।

ਅਸ ਜਨ ਕੋ ਜਨਮਜੋ ਜਗ ਮਾਹੀ।
ਪ੍ਰਭੁਤਾ ਪਾਇ ਜਾਸ ਮਦ ਨਾਹੀ। (ਤੁਲਸੀਦਾਸ ਜੀ)

ਫੇਰ ਤਾਂ ਸਾਉਣ ਮੱਲ ਗੁਰੂ ਜੀ ਨੂੰ ਭੀ ਭੁਲਾ ਕੇ ਆਪੇ ਗੁਰੂ ਬਣ ਬੈਠਾ। ਜਿਸ ਤਰ੍ਹਾਂ ਸੂਰਜ ਦੇ ਤੇਜ ਨਾਲ ਰੇਤਾ ਤਪਦਾ ਹੈ, ਏਸੇ ਪ੍ਰਕਾਰ ਸਾਉਣ ਮੱਲ ਦਾ ਪ੍ਰਤਾਪ ਸੀ। ਜਦ ਗੁਰੂ ਜੀ ਤੋਂ ਬੇਮੁਖ ਹੋਯਾ ਤਾਂ ਸਭ ਸ਼ਕਤੀ ਨਸ਼ਟ ਹੋ ਗਈ। ਮਣੀ ਗਈ ਤੋਂ ਫਣੀ ਦੇ ਤੜਫਨ ਵਾਂਗੂੰ ਲੱਗਾ ਝੁਰਨ। ਓਸ ਵੇਲੇ ਓਸ ਦੀ ਮਾਈ ਨੇ; ਜੋ ਓਸੇ ਦੇ ਪਾਸ ਜਾ ਰਹੀ ਸੀ, ਆਖਜਾ "ਜੇ ਤੂੰ ਆਪਣਾ ਸੁਖ ਚਾਹੁੰਦਾ ਹੈਂ, ਤਾਂ ਰਾਜੇ ਰਾਣੀਆਂ ਸਮੇਤ ਆਪਣੇ ਸੇਵਕਾਂ ਨੂੰ ਨਾਲ ਲੈ ਕੇ ਗੁਰੂ ਜੀ ਦੀ ਸ਼ਰਨ ਜਾਹ। ਜਿਵੇਂ ਘ੍ਰਿਤ ਤੇ ਲੜਕੀਆਂ ਪਾਏ ਤੋਂ ਅੱਗ ਨਹੀਂ ਸ਼ਾਂਤਿ ਹੁੰਦੀ ਹੈ, ਤੈਸੇ ਸੱਤਪੁਰਖਾਂ ਦਾ ਗ਼ੁੱਸਾ ਛਲ ਬਲ ਹੰਕਾਰ ਕਰਨੇ ਵਾਲੇ ਪਰ ਸਗੋਂ ਦੂਣਾ ਹੁੰਦਾ ਹੈ ਤੇ ਸਚਾਈ ਨਿਮ੍ਰਤਾ ਯੁਤ ਬੇਨਤੀ ਕਰਨੇ ਤੋਂ ਘਟਦਾ ਹੈ।"

ਮਾਈ ਦਾ ਏਹ ਬਚਨ ਮੰਨ ਕੇ ਸਾਉਣ ਮੱਲ ਚੇਤਰ ਸੰਮਤ ੧੬੧੩ ਬਿਕ੍ਰਮੀ ਨੂੰ ਰਾਜੇ ਰਾਣੀਆਂ ਸਮੇਤ ਆਪਣੇ ਸੇਵਕਾਂ ਨੂੰ ਲੈ ਕੇ ਗੋਇੰਦਵਾਲ ਆਇਆ। ਸੰਗਤ ਨੂੰ ਰਾਜੇ ਸਮੇਤ ਬਾਹਰ ਛੱਡ ਕੇ ਆਪ ਗੁਰੂ ਜੀ ਦੇ ਚਰਨ ਜਾ ਫੜੇ। ਨੇਤ੍ਰਾਂ ਤੋਂ ਜਲ ਵਹਾ ਕੇ ਆਪਣੀ ਭੁੱਲ ਬਖ਼ਸ਼ਾਉਣ ਲੱਗਾ ਤੇ ਪ੍ਰਾਰਥਨਾ ਕੀਤੀ ਕਿ ਮਹਾਰਾਜ! ਹੁਕਮ ਹੋਵੇ ਤਾਂ ਸੰਗਤ; ਜੋ ਰਾਜੇ ਰਾਣੀਆਂ ਸਮੇਤ ਹਰੀ ਪੁਰ ਤੋਂ ਆਈ ਹੈ, ਦਰਸ਼ਨ ਕਰੇ। ਗੁਰੂ ਜੀ ਨੇ ਹੁਕਮ ਦਿੱਤਾ ਦੇਗ ਤੋਂ ਪ੍ਰਸ਼ਾਦ ਛੱਕ ਕੇ ਦਰਸ਼ਨ ਵਾਸਤੇ ਆਉਣ ਅਤੇ {ਪਰਦੇ ਦੀ ਰਸਮ ਬੰਦ ਕੀਤੀ} ਇਸਤ੍ਰੀ ਘੁੰਡ ਕੱਢ ਕੇ ਕੋਈ ਨਾ ਆਵੇ। ਹੁਕਮ ਅਨੁਸਾਰ ਜਦ ਸਾਰੇ ਦਰਸ਼ਨ ਨੂੰ ਆਏ ਤਾਂ ਰਾਜੇ ਦੀ ਇੱਕ ਰਾਣੀ ਨੇ ਮੂੰਹ ਕੱਜ ਲਿਆ ਗੁਰੂ ਜੀ ਨੇ ਓਸ ਵੱਲ ਵੇਖ ਕੇ ਸਹਿਜ ਭਾਵ ਨਾਲ ਆਖਜਾ, "ਏਹ ਕਮਲੀ ਕਿਉਂ ਆਈ ਹੈ?"

ਸਾਧੂ ਬੋਲੇ ਸਹਿਜ ਸੁਭਾਇ।
ਸਾਧੂ ਦਾ ਬੋਲਿਆ ਬਿਰਥਾ ਨਾ ਜਾਇ।

ਓਹ ਰਾਣੀ ਓਸੇ ਵੇਲੇ ਕਮਲੀ ਹੋ ਕੇ ਜੰਗਲ ਵੰਨੀ ਦੌੜ ਗਈ। ਕਪੜੇ ਪਾੜ ਸਿੱਟੇ। ਅਭੱਖ ਭੱਖਣ, ਕੁਬੋਲ ਬੋਲਣ ਲੱਗ ਪਈ। ਫੇਰ ਤਾਂ ਰਾਜੇ ਨੇ ਭੀ ਓਸ ਦਾ ਪਿੱਛਾ ਨਾ ਕੀਤਾ ਤੇ ਕੁਛਕੁ ਦਿਨ ਗੁਰੂ ਸਾਹਿਬ ਪਾਸ ਰਹਿ ਕੇ ਦਰਸ਼ਨ ਉਪਦੇਸ਼ ਲੈ ਕੇ ਸਾਉਣ ਮੱਲ ਸਮੇਤ ਆਪਣੇ ਦੇਸ਼ ਨੂੰ

ਗਏ। ਸਾਉਣ ਮੱਲ ਦੀ ਸਿੱਖੀ ਸੇਵਕੀ ਓਸ ਦੇਸ਼ ਵਿੱਚ ਅਤੇ ਗੱਦੀ ਵਟਾਲੇ ਵਿੱਚ ਹੁਣ ਤੱਕ ਹੈ। ਥੋੜ੍ਹੇ ਦਿਨ ਪਿੱਛੋਂ ਓਹ ਰਾਣੀ ਭੀ ਗੁਰੂ ਜੀ ਦੀ ਕ੍ਰਿਪਾ ਨਾਲ ਚੰਗੀ ਹੋ ਗਈ ਤਾਂ ਗੁਰੂ ਜੀ ਨੇ ਭਾਈ {ਸੱਚਨ ਸੱਚ} 'ਸੱਚਨ ਸੱਚ' ਨੂੰ ਵਜਾਹ ਦਿੱਤੀ। ਓਸ ਦੀ ਉਲਾਦ ਹੁਣ ਪ੍ਰਗਣੇ ਸ਼ਰਕਪੁਰ 'ਮੰਦਰ' ਪਿੰਡ ਵਿੱਚ ਹੈ। ਏਸ ਪ੍ਰਕਾਰ ਬਾਈ ਆਦਮੀਆਂ ਨੂੰ; ਜਿਨ੍ਹਾਂ ਨੇ ਗੁਰੂ ਜੀ ਦੀ ਟਹਿਲ ਸਿੱਦਕ ਭਰੋਸੇ ਨਾਲ ਕੀਤੀ, ਬਾਈ ਮੰਜੀਆ ਗੁਰੂ ਅਮਰਦਾਸ ਜੀ ਨੇ ਬਖ਼ਸ਼ੀਆਂ ਹਨ। ਓਨ੍ਹਾਂ ਸਭਨਾਂ ਦੀ ਕਥਾ ਬੰਸਾਵਲੀ ਸਮੇਤ ਪੰਜਵੇਂ ਹਿੱਸੇ ਵਿੱਚ ਹੈ।

ਗੁਰੂ ਜੀ ਦੀ ਧੀਰਜਤਾ ਤੇ ਦਾਤੂ ਦੀ ਬੇਸਮਝੀ

ਜਦ ਗੁਰੂ ਅਮਰਦਾਸ ਜੀ ਦੀ ਬਹੁਤ ਮਹਿਮਾ ਫੈਲੀ ਤੇ ਨਜ਼ਰ ਭੇਟਾ ਬਹੁਤ ਆਉਣ ਲੱਗੀ ਤਾਂ ਸੰਮਤ ੧੬੧੪ ਬਿਕ੍ਰਮੀ ਨੂੰ ਗੁਰੂ ਅੰਗਦ ਜੀ ਦੇ ਪੁੱਤ੍ਰ ਦਾਤੂ ਨੂੰ ਅਜੇਹੀ ਉੱਧੜ ਧੁੰਮੀ ਲੱਗੀ ਕਿ ਗੁਰੂ ਅਮਰਦਾਸ ਜੀ ਤੋਂ ਗੁਰਿਆਈ ਖੋਹਣ ਵਾਸਤੇ ਗੋਇੰਦਵਾਲ ਗਿਆ। ਅੱਗੇ ਸੰਗਤ ਬਹੁਤ ਆਈ ਸੀ ਤੇ ਮਾਯਾ ਚੜ੍ਹਦੀ ਦੇਖ ਕੇ ਲੋਭ ਤੇ ਕ੍ਰੋਪ ਦੀ ਅੱਗ ਅਜੇਹੀ ਭੜਕੀ, ਜੋ ਮਤਸਰ ਦੇ ਵੱਸ ਹੋ ਕਰ ਏਸ ਮੂਰਖਪਣੇ ਦੇ ਖ਼ਿਆਲ ਨਾਲ, ਕਿ ਇਨ੍ਹਾਂ ਨੂੰ ਲੱਤ ਮਾਰ ਕੇ ਗੱਦੀ ਤੋਂ ਉਠਾ ਕਰ ਆਪ ਗੱਦੀ ਤੇ ਬੈਠ ਜਾਵਾਂ; ਫੇਰ ਮੈਂ ਗੁਰੂ ਬਣ ਜਾਵਾਂਗਾ, ਪਿੱਛੋਂ ਦੀ ਹੋ ਕੇ ਗੁਰੂ ਜੀ ਦੇ ਲੱਤ ਮਾਰੀ। ਭਾਰੀ ਬ੍ਰਿਧਾਪਨ ਦੇ ਕਾਰਣ ਗੁਰੂ ਜੀ ਅੱਗੇ ਨੂੰ ਤਾਂ ਡਿੱਗ ਪਏ ਪਰ ਉੱਠ ਕੇ ਛੇਤੀ ਨਾਲ ਉਸ ਦੇ ਪੈਰ ਨੂੰ ਦਬਾਉਣ ਲੱਗ ਪਏ ਤੇ ਆਖਯਾ, "ਤੁਸਾਡੇ ਚਰਨਾਂ ਨੂੰ ਸੱਟ ਲੱਗੀ ਹੋਊ। ਤੁਸਾਂ ਚੰਗਾ ਕੀਤਾ ਜੋ ਮੈਂ ਤੁਸਾਨੂੰ ਅੱਗੇ ਹੋ ਕੇ ਲੈਣਾ ਨਾ ਗਿਆ, ਤਾਂ ਤੁਸਾਂ ਦੰਡ ਦਿੱਤਾ।" ਸਭ ਲੋਗ ਉਸ ਨੂੰ ਬੁਰਾ ਭਲਾ ਕਹਿਣ ਲੱਗੇ ਤਾਂ ਗੁਰੂ ਜੀ ਨੇ ਆਖਯਾ, "ਭਾਈ! ਏਹ ਸਾਡੇ ਸਤਗੁਰਾਂ ਦੇ ਸਪੁਤ੍ਰ ਹਨ। ਏਨ੍ਹਾਂ ਤੋਂ ਬਿਨਾਂ ਸਾਨੂੰ ਹੋਰ ਕੌਣ ਤਾੜੇ।" ਉਸ ਦਿਨ ਦੀ ਸਭ ਆਮਦਨੀ ਦਾਤੂ ਜੀ ਦੀ ਖੱਚਰ ਉੱਤੇ ਲਦਵਾ ਦਿੱਤੀ। ਉਸ ਨੂੰ ਬਥੇਰਾ ਰੋਕ ਰਹੇ ਕਿ ਅੰਧੇਰਾ ਹੋ ਗਿਆ ਹੈ ਹੁਣ ਤੂੰ ਨਾ ਜਾਹ ਪਰ ਉਹ ਨਾ ਰਿਹਾ। ਤਾਂ ਰਾਹ ਵਿੱਚ ਚੋਰਾਂ ਨੇ ਮਾਰ ਕੁੱਟ ਕੇ ਖੱਚਰ ਸਮੇਤ ਦੌਲਤ ਖੋਹ ਲੀਤੀ। ਸੰਤ ਭਗਤ ਚਾਹੇ ਕਿਸੇ ਨੂੰ ਵਰ ਸਰਾਪ ਨਾ ਦੇਣ, ਪਰ ਈਸ਼੍ਵਰ ਤਾਂ ਕਰਮ ਦਾ ਫ਼ਲ ਦਿੱਤੇ ਬਿਨਾਂ ਨਹੀਂ ਸਾਰਦਾ। ਨਾਲੇ ਬਦਨਾਮੀ ਹੋਈ, ਨਾਲੇ ਮਾਯਾ ਗਈ। ਤੇ ਲੱਤ ਵਿੱਚ ਅਜੇਹੀ ਪੀੜ ਠਹਿਰੀ ਜੋ ਰਾਤ ਦਿਨ ਪਿਆ ਵਿਲਕਦਾ ਰਹੇ। ਅੰਤ ਨੂੰ ਓਹ ਪੀੜ ਗੁਰੂ ਅਰਜਨ ਜੀ ਦੀ ਦਇਆ ਨਾਲ ਦੂਰ ਹੋਈ।

ਗੁਰੂ ਅਮਰਦਾਸ ਜੀ ਦਾ ਤਿਆਗ

ਦਾਤੂ ਵਾਲੇ ਬ੍ਰਿਤਾਂਤ ਨੂੰ ਦੇਖ ਕਰ ਗੁਰੂ ਸਾਹਿਬ ਨੂੰ ਅਜੇਹੀ ਗਿਲਾਨੀ ਗੁਰਿਆਈ ਤੋਂ ਆਈ ਕਿ ਜ਼ਰ, ਜੋਰੂ, ਜਮੀਨ ਹੀ ਸਾਰੇ ਕਲੇਸ਼ਾਂ ਦਾ ਕਾਰਨ ਸਮਝ ਕੇ ਰਾਤ ਨੂੰ ਚੁੱਪ ਚਾਪ ਕੱਲੇ ਹੀ ਜੰਗਲ ਵੰਨੀਂ ਚਲੇ ਗਏ। ਦੂਸਰੇ ਦਿਨ ਬਾਸਰਕੇ ਪਿੰਡ ਦੇ ਸਰਕਾਰੀ ਬੀੜ ਵਿੱਚ ਇੱਕ ਮੱਠ ਦੇਖ ਕੇ ਉਸ ਦੇ ਅੰਦ੍ਰ ਹੋ ਬੈਠੇ। ਕਵਾੜਾਂ ਉੱਤੇ ਏਹ ਲਿਖ ਦਿੱਤਾ ਕਿ ਜੋ ਕੋਈ ਬੂਹਾ ਖੋਲੇਗਾ, ਉਸ ਦਾ ਲੋਕ ਪ੍ਰਲੋਕ ਨਾ ਸਵਰੇਗਾ। ਗੁਰੂ ਸਾਹਿਬ ਤਾਂ ਤਾੜੀ ਲਾ ਕੇ ਅੰਦ੍ਰ ਬੈਠ ਰਹੇ। ਸਿੱਖ ਗੁਰੂ ਜੀ ਦੇ ਦਰਸ਼ਨ ਨੂੰ ਵਿਆਕੁਲ ਹੋਏ ਹੋਏ ਲੱਭਦੇ ਫਿਰਨ। ਜਦ ਕਿਤੇ ਪਤਾ ਨਾ ਲੱਗਾ ਤਾਂ ਬਾਬੇ ਬੁੱਢੇ ਜੀ ਨੇ ਗੁਰੂ ਜੀ ਦੀ ਘੋੜੀ ਉੱਤੇ ਕਾਠੀ ਪਾ ਕੇ ਉਸ ਨੂੰ ਛੱਡ ਦਿੱਤਾ ਤੇ ਆਪ ਉਸ ਦੇ ਪਿੱਛੇ ਲਗ ਤੁਰੇ। ਘੋੜੀ ਉਸੇ ਮੱਠ ਪਾਸ ਜਾ ਖਲੋਤੀ। ਸਿੱਖਾਂ ਨੇ ਬੂਹੇ ਦੀ ਲਿਖਤ ਦੇਖ ਕੇ ਦੂਜੇ ਪਾਸਿਓਂ ਪਾੜ ਦੇ ਕੇ ਗੁਰੂ ਜੀ ਦਾ ਬਚਨ ਭੀ ਨਾ ਉਲੰਘਿਆ ਤੇ ਕਾਰਜ ਭੀ ਕਰ ਲੀਤਾ। ਗੁਰੂ ਜੀ ਨੇ ਸਿੱਖਾਂ ਦਾ ਪ੍ਰੇਮ ਤੇ ਸਿਦਕ ਵੇਖ ਕੇ ਖ਼ੁਸ਼ੀ ਹੋ ਕੇ ਬਚਨ {ਸੰਨ੍ਹ ਸਾਹਿਬ} ਕੀਤਾ, "ਏਹ ਪਾੜ ਨਹੀਂ ਮੁੰਦਣਾ। ਜੋ ਕੋਈ ਏਸ ਕੋਠੇ ਦਾ ਦਰਸ਼ਨ ਮੋਰੀ ਵਿੱਚ ਦੀ ਲੰਘ ਕੇ ਕਰੇਗਾ, ਓਹ ਫੇਰ ਗਰਭ ਜੋਨੀ ਵਿੱਚ ਨਾ ਆਵੇਗਾ।" ਸੰਗਤ ਦਾ ਪ੍ਰੇਮ ਗੁਰੂ ਜੀ ਨੂੰ ਫੇਰ ਗੋਇੰਦਵਾਲ ਲੈ ਆਇਆ।

ਗੁਰੂ ਅਮਰਦਾਸ ਜੀ ਦੀ ਬੇਨਤੀ ਮਨਜ਼ੂਰ ਹੋਈ

ਸੰ: ੧੬੧੪ ਬਿਕ੍ਰਮੀ ਨੂੰ ਇੱਕ ਦਿਨ ਅੰਮ੍ਰਤ ਵੇਲੇ ਗੁਰੂ ਜੀ ਇਸ਼ਨਾਨ ਕਰ ਕੇ ਆਤਮਾ ਪ੍ਰਮਾਤਮਾ ਦੇ ਧਿਆਨ ਵਿੱਚ ਤਾੜੀ ਲਾ ਕੇ ਬੈਠੇ ਹੋਏ ਸੇ। ਕਿਸੇ ਇਸਤ੍ਰੀ ਨੇ ਅਜੇਹੀ ਚੀਕ ਮਾਰੀ ਜਿਸ ਨੂੰ ਸੁਣ ਕੇ ਗੁਰੂ ਜੀ ਦੀ ਸਮਾਧੀ ਖੁੱਲ੍ਹ ਗਈ। ਜਦ ਭਾਈ ਬੱਲੂ ਨੂੰ ਭੇਜ ਕੇ ਨਿਰਨਾ ਕੀਤਾ ਤਾਂ ਮਲੂਮ ਹੋਯਾ ਕਿ ਇੱਕ ਮੁਰਗਾਈ ਖਤ੍ਰੀ ਦੀ ਵਿਧਵਾ ਇਸਤ੍ਰੀ ਦਾ ਇਕਲੌਤਾ ਪੁੱਤ੍ਰ ਤੇਈਏ ਤਾਪ* ਨਾਲ ਮਰ ਗਿਆ ਹੈ। ਗੁਰੂ ਜੀ ਦਾ ਦਿਲ ਜੋ ਅੱਗੇ ਹੀ ਕੋਮਲ ਸੀ, ਓਸ ਇਸਤ੍ਰੀ ਦੀਆਂ ਦਰਦ ਭਰੀਆਂ ਚੀਕਾਂ ਨੇ ਬਿਲਕੁਲ ਨਰਮ ਕਰ ਦਿੱਤਾ। ਗੁਰੂ ਸਾਹਿਬ ਜੀ ਨੇ ਚੀਕਾਂ ਸੁਣ ਕੇ ਪ੍ਰਾਰਥਨਾ ਕੀਤੀ ਕਿ ਹੇ ਅਕਾਲ ਪੁਰਖ! ਜਦ ਤੱਕ ਮੈਨੂੰ ਇਸ ਲੋਕ ਵਿੱਚ ਰਹਿਣ ਦੀ ਆਗਿਆ ਹੈ, ਤਦ ਤੱਕ ਕੋਈ ਲੜਕਾ ਮਾਂ ਬਾਪ ਦੀ ਜੀਂਵਦਿਆਂ ਤੇਈਏ ਤਾਪ ਨਾਲ ਨਾ ਮਰੇ। ਤੇ ਜਪੁਜੀ ਸਾਹਿਬ ਦਾ ਪਾਠ ਕਰ ਕੇ ਓਸ ਲੜਕੇ ਦੇ ਮੂੰਹ ਵਿੱਚ ਜਲ ਪਾਯਾ। ਕਰਤਾਰ ਨੇ ਗੁਰੂ ਜੀ ਦੀ ਪ੍ਰਾਰਥਨਾ ਮੰਨ ਲਈ ਤੇ ਓਹ ਲੜਕਾ ਜੀਉਂਦਾ ਹੋ ਗਿਆ, ਜਿਸ ਦਾ ਨਾਮ ਗੁਰੂ ਜੀ ਨੇ ਜੀਵਣ ਰੱਖਯਾ ਤੇ ਅੱਗੇ ਨੂੰ ਭੀ ਜਦ ਤੱਕ ਗੁਰੂ ਜੀ ਪ੍ਰਿਥਵੀ ਪਰ ਰਹੇ ਕਿਸੇ ਦਾ ਪੁੱਤ੍ਰ ਮਾਪਿਆਂ ਦੇ ਜੀਉਂਦਿਆਂ ਤੇਈਏ ਤਾਪ ਨਾਲ ਨਾ ਮਰਿਆ।

---

*ਪੋਥੀਆਂ ਵਿੱਚ ਲਿਖਿਆ ਹੈ ਕਿ ਗੁਰੂ ਅਮਰਦਾਸ ਜੀ ਨੇ ਓਦੋਂ ਹੀ ਤੇਈਏਂ ਤਾਪ {ਤੇਈਏ ਤਾਪ ਦੀ ਕਥਾ} ਨੂੰ ਬਾਲਕ ਦਾ ਰੂਪ ਧਾਰਨ ਕਰਵਾ ਕੇ ਪਿੰਜਰੇ ਵਿੱਚ ਕੈਦ ਕਰ ਲਿਆ ਤੇ ਅਧੋ ਸੁੱਧ ਲੂਣ ਪਾ ਕੇ ਇੱਕ ਰੋਟੀ ਛੋਲਿਆਂ ਦੀ ਤੇ ਇੱਕ ਟਿੰਡ ਪਾਣੀ ਦੀ ਰੋਜ਼ ਦੇਣ ਦਾ ਹੁਕਮ ਦਿੱਤਾ। ਏਸ ਤੋਂ ਤੇਈਆਂ ਬਹੁਤ ਦੁਖੀ ਹੋਯਾ। ਸਿੱਖ ਕੋਈ ਡਰਦਾ ਅਰਜ਼ ਨਾ ਕਰੇ। ਜਦ ਭਾਈ ਲਾਲੋ ਡੱਲੇ ਪਿੰਡ ਵਾਲਾ ਪ੍ਰੇਮੀ ਸਿੱਖ ਗੁਰੂ ਜੀ ਦੇ ਦਰਸ਼ਨ ਕਰਨ ਆਯਾ ਤਾਂ ਤੇਈਏ ਦੀ ਬੇਨਤੀ ਸੁਣ ਕੇ ਦਯਾਵਾਨ ਹੋਇਆ ਤੇ ਗੁਰੂ ਜੀ ਦੇ ਅੱਗੇ ਤੇਈਏ ਦੇ ਛੁਟਕਾਰੇ ਲਈ ਪ੍ਰਾਰਥਨਾ ਕੀਤੀ, "ਹੇ ਮਹਾਰਾਜ! ਏਸ ਬਾਲਕ ਨੂੰ ਛੱਡੋ।" ਗੁਰੂ ਜੀ: "ਭਾਈ ਲਾਲੋ! ਏਹ ਬਾਲਕ ਨਹੀਂ ਸਗੋਂ ਮਨੁਖ ਦਾ ਲਹੂ ਪੀਣ ਵਾਲੀ ਬਲਾ ਹੈ।" ਲਾਲੋ ਨੇ ਆਖਿਆ ਜੀ ਮੇਰੇ ਸਪੁਰਦ ਕਰੋ। ਸਾਡੇ ਘਰ ਆਪ ਦਾ ਬਖਸ਼ਿਆ ਹੋਇਆ ਦੁੱਧ, ਘਿਓ ਬਹੁਤ ਹੈ। ਲਾਲੋ ਦਾ ਹਠ ਵੇਖ ਕੇ ਗੁਰੂ ਜੀ ਨੇ ਤੇਈਏ ਨੂੰ ਓਸ ਦੇ ਹਵਾਲੇ ਕਰ ਦਿੱਤਾ। ਜਦ ਲਾਲੋ ਥੋੜ੍ਹੀ ਜੇਹੀ ਦੂਰ ਸੀ ਲੈ ਕੇ ਗਿਆ ਤਾਂ ਤੇਈਏ ਨੇ ਕਿਹਾ, "ਮੈਂ ਕਈ ਦਿਨਾਂ ਤੋਂ ਭੁੱਖਾ ਹਾਂ। ਤੁਰ ਨਹੀਂ ਸਕਦਾ। ਜੇ ਹੁਕਮ ਦਿਓ ਤਾਂ ਕੁਛ ਖਾ ਪੀ ਲਵਾਂ।" ਲਾਲੋ ਜੀ ਨੇ ਆਖਿਆ, "ਘਰ ਨੇੜੇ ਹੀ ਹੈ। ਦੁੱਧ ਘਿਓ ਜੋ ਜੀ ਕਰੇ, ਸੋ ਖਾਵੀਂ। ਐਥੇ ਤਾਂ ਕੋਈ ਖਾਣ ਵਾਲੀ ਚੀਜ ਨਹੀਂ। ਕੀ ਖਾਵੇਂਗਾ?" ਤੇਈਏ ਨੇ ਫੇਰ ਅਧੀਨ ਹੋ ਕੇ ਕਿਹਾ ਤਾਂ ਭਾਈ ਲਾਲੋ ਨੇ ਛੱਡ ਦਿੱਤਾ। ਤੇਈਆ ਉਸੇ ਵੇਲੇ ਇੱਕ ਧੋਬੀ ਨੂੰ (ਜੋ ਕਪੜੇ ਧੋ ਰਿਹਾ ਸੀ) ਜਾ ਚੜ੍ਹਿਆ ਤੇ ਚਾਰ ਕੁ ਘੜੀ ਪਿਛੋਂ ਇੱਕ ਠੀਕਰਾ ਲਹੂ ਦਾ ਭਰ ਕੇ ਲਾਲੋ ਪਾਸ ਲੈ ਆਯਾ ਤੇ ਦਿਖਾ ਕੇ ਗੱਟ ਗੱਟ ਕਰਦਾ ਚਾੜ੍ਹ ਗਿਆ। ਲਹੂ ਦੇਖ ਕੇ ਲਾਲੋ ਬਹੁਤ ਡਰਿਆ ਤੇ ਜਾਣਿਆਂ ਜੋ ਏਹ ਤਾਂ ਮੇਰੇ ਕੁਟੰਬ ਦਾ ਲਹੂ ਪੀ ਛੱਡੇਗਾ। ਏਹ ਵਿਚਾਰਕੇ ਆਖਿਆ, "ਚੱਲ ਭਾਈ! ਮੈਂ ਤੈਨੂੰ ਓਸੇ ਪਿੰਜਰੇ ਵਿੱਚ ਛੱਡ ਆਵਾਂ। ਮੈਂ ਤੈਨੂੰ ਨਹੀਂ ਲਿਜਾਂਦਾ।" ਤੇਈਏ ਨੇ ਬ੍ਰਲਾਪੀ ਹੋ ਕੇ ਲਾਲੋ ਜੀ ਦੇ ਚਰਨ ਫੜ ਲਏ ਤੇ ਬੇਨਤੀ ਕੀਤੀ, "ਮੈਨੂੰ ਓਥੇ ਨਾ ਲਿਜਾਓ। ਤੁਸੀਂ ਜੋ ਕੁਛ ਕਹੋ ਮੈਂ ਓਹੋ ਹੁਕਮ ਮੰਨਾਂਗਾ।" ਲਾਲੋ ਜੀ ਨੇ ਆਖਿਆ ਕਿ ਹੁਕਮ ਮੰਨੇਗਾ? ਤੇਈਏ ਨੇ ਕਿਹਾ, "ਜਿਸ ਨੂੰ ਮੈਂ ਚੜ੍ਹਿਆ ਹੋਯਾ ਹੋਵਾਂਗਾ, ਜਦ ਉਸ ਨੂੰ ਕੋਈ ਤੁਹਾਡੇ ਤੇ ਮੇਰੇ ਮਿਲਾਪ ਦੀ ਕਥਾ ਸੁਣਾਵੇਗਾ ਤੇ ਤੁਹਾਡਾ ਨਾਮ ਲਏਗਾ, ਤਾਂ ਮੈਂ ਉਸ ਨੂੰ ਛੱਡ ਜਾਵਾਂਗਾ।" ਏਹ ਬਚਨ ਲੈ ਕੇ ਭਾਈ ਲਾਲੋ ਨੇ ਤੇਈਏ ਨੂੰ ਛੱਡ ਦਿੱਤਾ। ਏਸੇ ਲਈ ਪੰਜਾਬ ਵਿੱਚ ਬਹੁਤ ਲੋਕ ਤੇਈਏ ਤਾਪ ਵਾਲੇ ਨੂੰ ਭਾਈ ਲਾਲੋ ਦੀ ਕਥਾ ਸੁਣਾਉਂਦੇ ਹਨ ਤੇ ਜਦ ਤਾਪ ਹਟ ਜਾਂਦਾ ਹੈ ਤਾਂ ਸਵਾ ਸੇਰ ਦੀ ਮੰਨੀ (ਰੋਟ) ਜਿਸ ਵਿੱਚ ਤਿੰਨ ਪਾ ਆਟਾ, ਪਾਉ ਘਿਉ, ਪਾਉ ਗੁੜ ਹੁੰਦਾ ਹੈ ਪਕਾ ਕੇ ਬਾਲਕਾਂ ਨੂੰ ਵੰਡਦੇ ਹਨ।

ਸੱਚਾ ਉਪਦੇਸ਼

ਭਾਵੇਂ ਸਿੱਖੀ ਸੇਵਕੀ ਤਾਂ ਗੁਰੂ ਜੀ ਦੀ ਦੂਰ ਦੂਰ ਤੱਕ ਦੇਸ ਦੇ ਸ਼ਾਤ੍ਰਾਂ ਵਿੱਚ ਬੇਅੰਤ ਸੀ ਪਰ ਦੁਆਬੇ ਬਿਸਤ ਤੇ ਬਾਰੀ ਦੀ ਸੰਗਤ ਹਰ ਵੇਲੇ ਗੁਰੂ ਜੀ ਪਾਸ ਆਉਂਦੀ ਜਾਂਦੀ ਰਹਿੰਦੀ। ਇੱਕ ਦਿਨ ਡੱਲੇ ਆਦਿਕ ਪਿੰਡਾਂ ਦੇ ਸਿੱਖ ਭਾਈ ਖਾਨਾ, ਛੁਰਾ, ਮਾਲੀ ਸ਼ਾਹੂ, ਕਿਦਾਰੀ, ਬੂਲਾ, ਜੱਗਾ, ਦੁਰਗਾ ਦਾਸ, ਜਵੰਦਾ ਮੱਲ, ਲਾਲੂ ਆਦਿਕ ਵੱਡੇ ਉਤਸ਼ਾਹ ਨਾਲ ਸ਼ਬਦ ਗਾਉਂਦੇ ਹੋਏ ਅਨੰਨਜ ਸਿੱਖ ਗੋਇੰਦਵਾਲ ਗੁਰੂ ਜੀ ਦੇ ਦਰਸ਼ਨ ਨੂੰ ਆਏ। ਓਨ੍ਹਾਂ ਬੇਨਤੀ ਕੀਤੀ ਕਿ ਹੇ ਸੱਚੇ ਪਾਤਸ਼ਾਹ! ਜੋਗੀ, ਬੈਰਾਗੀ, ਸੰਨਜਾਸੀ ਬੜੇ ਬੜੇ ਕਠਨ ਸਾਧਨ ਜੀਵ ਜੀਵ ਦੀ ਕਲਜਾਨ ਵਾਸਤੇ ਦਸਦੇ ਹਨ। ਅਸੀਂ ਗ੍ਰਿਹਸਥੀ ਹਾਂ। ਤਜਾਗ ਬੈਰਾਗ ਸਾਥੋਂ ਨਹੀਂ ਹੋ ਸਕਦੇ। ਆਪ ਐਸਾ ਕੋਈ ਸੁਖਾਲਾ ਜਿਹਾ ਰਸਤਾ ਦੱਸੋ ਜਿਸ ਤੋਂ ਸਹਿਜੇ ਹੀ ਲੋਕ ਪ੍ਰਲੋਕ ਸੁਧਰ ਜਾਏ।

ਏਹ ਪ੍ਰਸ਼ਨ ਸੁਣ ਕੇ ਉਨ੍ਹਾਂ ਦਾ ਪ੍ਰੇਮ ਦੇਖ ਕਰ ਗੁਰੂ ਸਾਹਿਬ ਜੀ ਬਹੁਤ ਖ਼ੁਸ਼ੀ ਹੋਏ ਤੇ {ਡੱਲੇ ਨਗਰ ਦੀ ਸੰਗਤ ਨੂੰ ਉਪਦੇਸ਼} ਫੁਰਮਾਇਆ, "ਭਾਈ ਸਿੱਖੋ! ਗੁਰੂ ਨਾਨਕ ਸਾਹਿਬ ਜੀ ਦਾ ਹੁਕਮ ਹੈ:

ਓਨ੍ਹੀ ਮੰਦੈ ਪੈਰੁ ਨ ਰਖਿਓ ਕਰਿ ਸੁਕ੍ਰਿਤੁ ਧਰਮੁ ਕਮਾਇਆ ॥

(ਵਾਰ-ਆਸਾ, ਮਃ ੧ - ੪੬੭)

ਗ੍ਰਿਹਸਥ ਧਰਮ ਦਾ ਪਾਲਣ ਕਰਦੇ ਹੋਏ ਲੋਕ ਵੇਦ ਵਿਹਤ ਕਰਮ ਕਰਨੇ, ਨਿਖਿੱਧਤ ਤਜਾਗਣੇ ਅਤੇ:

ਮਃ ੧ ॥
ਹਕੁ ਪਰਾਇਆ ਨਾਨਕਾ ਉਸੁ ਸੂਅਰ ਉਸੁ ਗਾਇ ॥
ਗੁਰੁ ਪੀਰੁ ਹਾਮਾ ਤਾ ਭਰੇ ਜਾ ਮੁਰਦਾਰੁ ਨ ਖਾਇ ॥

(ਵਾਰ-ਮਾਝ, ਮਃ ੧ - ੧੪੧)

ਸਲੋਕੁ ਮਃ ੧ ॥
ਕੂੜੁ ਬੋਲਿ ਮੁਰਦਾਰੁ ਖਾਇ ॥ ਅਵਰੀ ਨੋ ਸਮਝਾਵਣਿ ਜਾਇ ॥

(ਵਾਰ-ਮਾਝ, ਮਃ ੧ - ੧੩੯)

ਏਨਾਂ ਬਚਨਾਂ ਵੱਲ ਹਰ ਵੇਲੇ ਧਜਾਨ ਰੱਖਣਾ:

ਸਿਖੀ ਸਿਖਿਆ ਗੁਰ ਵੀਚਾਰਿ ॥
ਨਦਰੀ ਕਰਮਿ ਲਘਾਏ ਪਾਰਿ ॥

(ਵਾਰ-ਆਸਾ, ਮਃ ੧ - ੪੬੫)

ਗੁਰੂ ਜੀ ਦੇ ਉਪਦੇਸ਼ਾਂ ਦਾ ਵੀਚਾਰ ਕਰਨਾ ਤੇ ਸ਼ੁਭ ਕਰਮ ਨਰਿੱਛਤ ਕਰਨੇ। ਧਨ, ਪੁਤ੍ਰ, ਇਸਤ੍ਰੀ, ਇਜ਼ਤ, ਬਡਾਈ ਸਭ ਵਾਹਿਗੁਰੂ ਦੀ ਦਾਤ ਮੰਨਣੀ। ਪ੍ਰਭੂ ਦੀ ਰਜ਼ਾ ਉੱਤੇ ਰਾਜ਼ੀ ਰਹਿਣਾ, ਸਾਧ ਸੰਗਤ ਦੀ ਸੇਵਾ ਕਰਨੀ, ਸਤਿਸੰਗ ਵਿੱਚ ਬੈਠਣਾਂ, ਕੁਸੰਗ ਦਾ ਤਿਆਗ, ਆਤਮਾ ਪ੍ਰਮਾਤਮਾ ਨੂੰ ਇੱਕ ਰੂਪ ਕਰ ਜਾਨਣਾ। ਗੁਰੂ ਪ੍ਰਮੇਸ੍ਵਰ ਤੋਂ ਬਿਨਾਂ ਹੋਰ ਕਿਸੇ ਪੀਰ, ਪੈਗੰਬਰ, ਦੇਵੀ, ਦੇਵਤਾ, ਮੜ੍ਹੀ ਮਸਾਣ ਆਦਕਾਂ ਨੂੰ ਆਪਣੇ ਨਫ਼ੇ ਨੁਕਸਾਨ ਵਾਸਤੇ ਪੂਜਣਾ ਮੰਨਣਾ ਨਹੀਂ। ਕੇਵਲ ਅਕਾਲ ਪੁਰਖ ਦਾ ਜਾਪ ਧਜਾਨ ਕਰਦੇ ਹੋਏ ਪਰੋਪਕਾਰ ਤੇ ਪੁੰਨਜ ਕਰਮ ਕਰਨੇ, ਏਹੋ ਕਲਜਾਣ ਦਾ ਰਸਤਾ ਹੈ।"

ਭਾਈ ਜੱਗੇ ਨੇ {ਭਾਈ ਜੱਗਾ, ੪ ਕਿਸਮ ਦਾ ਪਰਉਪਕਾਰ} ਅਰਜ਼ ਕੀਤੀ, "ਉਪਕਾਰ ਤੇ ਪੁੰਨਜ ਕਿਕੂੰ ਕਰੀਏ? ਆਪ ਕ੍ਰਿਪਾ ਕਰ ਕੇ ਸਮਝਾਓ।" ਗੁਰੂ ਸਾਹਿਬ ਬੋਲੇ, "ਭਾਈ ਸਿੱਖੋ! ਪਰੋਪਕਾਰ ਚਾਰ ਪ੍ਰਕਾਰ ਦਾ ਹੈ: (੧) ਨਿਰਧਨ ਗ੍ਰਿਸਤੀ ਗ਼ਰੀਬ ਦਾ; ਜਿਸ ਨੂੰ ਮੰਗਣਾ ਨਹੀਂ ਆਉਂਦਾ, ਕਰਜ਼ਾ ਕੋਈ ਦਿੰਦਾ ਨਹੀਂ; ਓਸ ਦਾ ਕਾਰਜ ਆਪ ਧਨ ਕਰ ਕੇ ਨਿਬਾਹ ਦੇਣਾ ਅਤਿ ਉੱਤਮ ਉਪਕਾਰ ਹੈ। (੨) ਚੰਦਾ ਕਰ ਕੇ ਅਗਲੇ ਦਾ ਕਾਰਜ ਬੰਨੇ ਲਾ ਦੇਣਾ, ਏਹ ਭੀ ਉੱਤਮ ਉਪਕਾਰ ਹੈ। (੩) ਨੰਗੇ ਨੂੰ ਕਪੜਾ, ਭੁਖੇ ਨੂੰ ਰੋਟੀ ਦੇਣੀ, ਭਾਵੇਂ ਕੋਈ ਹੋਵੇ, ਦੇਣਾ ਅਤੇ ਆਪਣਾ ਕੰਮ ਛੱਡ ਕੇ ਗ਼ਰੀਬ ਦਾ ਕੰਮ ਸਵਾਰਨਾ ਭੀ ਪਰ ਉਪਕਾਰ ਹੈ। (੪) ਕਿਸੇ ਨੂੰ ਕਹਿ ਕੇ ਕਿਸੇ ਦਾ ਕੰਮ ਕਰਾ ਦੇਣਾ ਭੀ ਉਪਕਾਰ ਹੈ। ਏਸੇ ਪ੍ਰਕਾਰ {ਚਾਰ ਪ੍ਰਕਾਰ ਦਾ ਪੁੰਨ} ਪੁੰਨਜ ਭੀ

ਚਾਰ ਪ੍ਰਕਾਰ ਦਾ ਹੈ:- (੧) ਅਧਿਕਾਰੀ ਵਿੱਦ੍ਵਾਨ ਲਾਇਕ ਪੁਰਖ ਦੀ ਸੇਵਾ ਤਨ, ਮਨ, ਧਨ ਕਰ ਕੇ ਕਰਨੀ; ਏਹ ਅਤਿ ਉੱਤਮ ਪੁੰਨ੍ਯ ਹੈ। (੨) ਭੁੱਖੇ ਨੰਗੇ ਨੂੰ ਰੋਟੀ ਕਪੜਾ ਤੇ ਰੋਗੀ ਨੂੰ ਦਵਾਈ ਦੇਣੀ, ਜਾਤ ਨਾ ਪਰਖਣੀ; ਇਹ ਉੱਤਮ ਪੁੰਨ੍ਯ ਹੈ। (੩) ਕਿਸੇ ਦਿਨ ਸੁਧ ਪੁਰਬ, ਤੀਰਥ ਪੁਰ ਦੇਣਾ, ਅੱਗੇ ਪਿੱਛੇ ਨਾ ਦੇਣਾ; ਮੱਧਮ ਪੁੰਨ੍ਯ ਹੈ। (੪) ਮਰਣੇ ਪਰਣੇ ਵਿੱਚ ਯਾ ਲੋਕ ਲਾਜ ਰਿਵਾਜ ਅਨੁਸਾਰ ਯਾ ਭਾਈ ਭਾਜੀ ਵਾਂਗੂੰ ਦੇਣਾ; ਏਹ ਅਧਮ ਪੁੰਨ੍ਯ ਹੈ।"

ਫੇਰ ਭਾਈ ਕਿਦਾਰੀ {ਭਾਈ ਕਿਦਾਰੀ ਪ੍ਰਤੀ ਉਪਦੇਸ਼, ਗ੍ਰਿਹਸਥ ਦੀ ਵਡਿਆਈ} ਨੇ ਬੇਨਤੀ ਕਰ ਕੇ ਆਖਿਆ, "ਜੀ! ਜੋਗੀ ਸੰਨਯਾਸੀ ਆਖਦੇ ਹਨ ਘਰ ਬਾਰ ਪੁੱਤ੍ਰ ਇਸਤ੍ਰੀ ਨੂੰ ਛੱਡ ਕੇ ਸੰਤ ਬਾਣਾਂ ਧਾਰਨ ਕਰਨਾਂ, ਦੇਸ ਪਰਦੇਸ ਨਿੱਕਲ ਜਾਣਾ ਤੇ ਜਪ ਤਪ ਕਰਨਾ ਏਸ ਬਿਨਾਂ ਜੀਵ ਦੀ ਕਲਯਾਨ ਨਹੀਂ ਹੁੰਦੀ। ਅਤੇ ਬੈਰਾਗੀ ਆਖਦੇ ਹਨ ਤੁਲਸੀ ਦੀ ਕੰਠੀ ਮਾਲਾ ਤਿਲਕ ਜਨੇਊ ਰੱਖੋ, ਪ੍ਰਿਤਮਾਂ ਪੂਜੋ, ਚਾਰੇ ਧਾਮ ਤੀਰਥ ਪਰਸੋ, ਦੁਵਾਰਕਾ ਛਾਪੇ ਲਗਵਾਓ, ਤਾਂ ਸ੍ਵਰਗ ਨੂੰ ਜਾਓਗੇ। ਕੋਈ ਆਖਦੇ ਹਨ ਮੰਗ ਖਾਣਾ, ਏਕਾਂਤ ਰਹਿਣਾ, ਏਹੋ ਮੁਕਤੀ ਦਾ ਰਾਹ ਹੈ। ਸੋ ਅਸੀਂ ਆਪ ਦੇ ਸੇਵਕ ਹਾਂ ਜੋ ਕੁਛ ਆਪ ਹੁਕਮ ਕਰੋ ਸੋ ਕਰੀਏ। ਕਿਉਂਕਿ ਅਸੀਂ ਅਜਾਣ ਹਾਂ, ਨਹੀਂ ਜਾਣਦੇ ਕੇਹੜਾ ਰਸਤਾ ਚੰਗਾ ਹੈ। ਜਿਕੂੰ ਮਾਤਾ ਪਿਤਾ ਪੁੱਤ੍ਰ ਨੂੰ ਸੁਖੀ ਰੱਖਣ ਲਈ ਚੰਗੇ ਰਾਹ ਪਾਉਂਦੇ ਹਨ, ਤੈਸੇ ਆਪ ਸਤਿਗੁਰੂ ਹੋ ਸਾਨੂੰ ਭਰੋਸਾ ਹੈ। ਆਪ ਸਾਡੀ ਉੱਨਤੀ ਅਤੇ ਮੁਕਤੀ ਦੇ ਸੁਖਾਲੇ ਰਾਹ ਸਾਨੂੰ ਚਲਾਓਗੇ।" ਏਹ ਪ੍ਰਸ਼ਨ ਸੁਣ ਕੇ ਗੁਰੂ ਸਾਹਿਬ ਬਹੁਤ ਪ੍ਰਸੰਨ ਹੋਏ ਤੇ ਬੋਲੇ, "ਭਾਈ ਸਿੱਖੋ! ਘਰ ਤਿਆਗੇ ਭਗਤੀ ਨਹੀਂ ਲਭਦੀ। ਕਰਨੀ ਕਰ ਕੇ ਪ੍ਰਾਪਤ ਹੁੰਦੀ ਹੈ। ਕਿਉਂਕਿ ਸਾਧੂ ਹੋ ਕੇ ਸਗੋਂ ਫੇਰ ਗ੍ਰਿਸਤੀਆਂ ਦੇ ਘਰਾਂ ਤੋਂ ਭਿੱਛ੍ਯਾ ਲੈਣੀ ਪੈਂਦੀ ਹੈ। ਗ੍ਰਿਸਤ ਤਾਂ ਛੱਡੇ, ਜੇ ਫੇਰ ਗ੍ਰਿਸਤੀ ਦੇ ਦੁਆਰੇ ਨਾ ਜਾਣਾ ਹੋਵੇ ਅਤੇ ਨਾ ਕਿਸੇ ਨੂੰ ਸੁਆਲ ਕਰਨਾ ਹੋਵੇ। ਤੇ ਬੈਠੇ ਬਿਠਾਏ ਸਾਧ ਦੀ ਸੇਵਾ ਜੋ ਗ੍ਰਿਸਤੀ ਕਰਦੇ ਹਨ, ਓਹ ਭੀ ਦਾਣਾ ਘਾਸ ਪਾ ਕੇ ਗਊ ਨੂੰ ਚੋ ਲੈਣ ਵਾਲੀ ਗੱਲ ਹੈ। ਕਿਉਂਕਿ ਸਾਧ ਦੀ ਕਮਾਈ ਦਾ ਫ਼ਲ ਓਸ ਗ੍ਰਿਹਸਤੀ ਨੂੰ ਹੁੰਦਾ ਹੈ ਜੇਹੜਾ ਸੇਵਾ ਕਰੇ। ਤਾਂ ਤੇ ਗ੍ਰਿਹਸਤੀ ਆਸ਼੍ਰਮ ਦੇ ਧਰਮ ਪਾਲਨ ਜੈਸਾ ਹੋਰ ਕੋਈ ਆਸ਼੍ਰਮ ਕਲਿਆਨਕਾਰੀ ਨਹੀਂ। ਸੋ ਘਰ ਵਿੱਚ ਰਹੋ, ਕ੍ਰਿਤ ਕਰ ਕੇ ਛਕੋ, ਅਭਿਆਗਤਾਂ ਨੂੰ ਛਕਾਓ, ਬਸਤ੍ਰ ਪਹਿਨਾਓ, ਸਤਸੰਗ ਤੇ ਭਗਤੀ ਕਰੋ। ਏਸੇ ਕਰਨੇ ਕਰ ਤੁਸਾਡਾ ਲੋਕ ਤੇ ਪ੍ਰਲੋਕ ਸੁਧਰੇਗਾ।"

ਭਾਈ ਜਗੇ, ਖੰਨੇ, ਮਾਈਏ, ਗੁਬਿੰਦੇ ਨੇ ਬੇਨਤੀ ਕੀਤੀ, "ਜੀ! ਸਤਸੰਗ ਤੇ ਭਗਤੀ ਦਾ ਲਖਣ ਦੱਸੋ ਤਾਂ ਸਾਨੂੰ ਭੀ ਕੁਛ ਖ਼ਬਰ ਪਵੇ।" ਗੁਰੂ ਸਾਹਿਬ ਜੀ ਨੇ ਆਖ੍ਯਾ, "ਭਾਈ ਸ੍ਰੇਸ਼ਟ ਪੁਰਖਾਂ ਦਾ ਸੰਗ, ਆਪਣੇ ਮਨੁੱਖ ਜਨਮ ਦਾ ਉਧਾਰ ਤੇ ਲੋਕ ਪਰਲੋਕ ਦਾ ਸੁਧਾਰ ਕਰਨ ਵਾਲੇ ਗੁਣਾਂ ਕਰਮਾਂ ਦਾ ਵੀਚਾਰ ਕਰਨਾ ਤੇ ਉਸ ਪਰ ਚਲਣਾ ਏਸ ਦਾ ਨਾਮ ਸਤਸੰਗ ਹੈ। ਭਗਤੀ ਤਿੰਨ {ਭਗਤੀ ਦੇ ਤਿੰਨ ਭੇਦ} ਪ੍ਰਕਾਰ ਦੀ ਹੈ: ਨਵਧਾ ੧, ਪ੍ਰੇਮਾ ੨, ਪਰਾ ੩। ਪਹਿਲੀ ਨੌ ਪ੍ਰਕਾਰ ਦੀ ਇਸ ਤਰ੍ਹਾਂ ਦੀ ਹੈ: (੧) ਸ਼ਰਧਾ ਕਰ ਕੇ ਗੁਰੂ, ਸੰਤਾਂ, ਸ਼ਾਸਤ੍ਰਾਂ ਦੇ ਬਚਨ ਸੁਣਨੇ; ਏਹ ਸ੍ਰਵਨ ਭਗਤੀ ਹੈ। (੨) ਕਥਾ ਕੀਰਤਨ ਕਰ ਕੇ ਪ੍ਰਮੇਸ਼੍ਵਰ ਦੇ ਸੰਤਾਂ ਗੁਰਾਂ ਦੇ ਗੁਣ ਨਿਰਚਾਹੇ ਹੋ ਕੇ ਪ੍ਰੇਮ ਨਾਲ ਦੂਜੇ ਪੁਰਖਾਂ ਨੂੰ ਵਰਨਨ ਕਰ ਕੇ ਸੁਣਾਉਣੇ; ਏਹ ਕੀਰਤਨ ਭਗਤੀ ਹੈ। (੩) ਸ੍ਵਾਸ ਸ੍ਵਾਸ ਗੁਰਮੰਤ੍ਰ ਦਾ ਸਿਮਰਨ ਕਰਨਾ, ਏਹ ਸਿਮਰਨ ਭਗਤੀ ਹੈ। (੪) ਸਤਗੁਰੂ ਯਾ ਇਸ਼ਟ ਦੇਵ ਦੀ ਮੂਰਤੀ ਦਾ ਧਿਆਨ ਬ੍ਰਿਤੀ ਠਹਿਰਾ ਕੇ ਕਰਨਾ, ਏਹ ਧਾਰਨਾ ਭਗਤੀ ਹੈ। (੫) ਭੋਜਨ ਬਸਤ੍ਰ ਚੰਗੇ ਤੋਂ ਚੰਗਾ ਤਿਆਰ ਕਰਾ ਕੇ ਆਪਣੇ ਇਸ਼ਟ ਦੇਵ ਦੇ ਅਰਪਨ ਕਰ ਅਭ੍ਯਾਗਤਾਂ ਤੇ ਵਿਦ੍ਵਾਨਾਂ* ਨੂੰ ਭੋਗਾਉਣੇ; ਏਹ ਸੇਵਨ ਭਗਤੀ ਹੈ। (੬) ਗੁਰੂ ਯਾ ਗੁਰ ਇਸ਼ਟ ਨੂੰ ਨਮਸਕਾਰ ਪ੍ਰਕਰਮਾ

*ਵਿੱਦ੍ਯਾ ਪੜ੍ਹ ਕੇ ਉਸ ਦੇ ਗੁਣ ਧਾਰਣ ਕਰਨ ਵਾਲੇ ਨੂੰ ਵਿਦ੍ਵਾਨ ਕਹਿੰਦੇ ਹਨ। ਜਰ ਜੋਰੂ ਜ਼ਮੀਨ ਦੇ ਤਿਆਗੀ ਦਾ ਨਾਉਂ ਉੱਤਮ ਅਭ੍ਯਾਗਤ ਹੈ ਉਸ ਨੂੰ ਮੰਨਣਾ ਲਿਖਿਆ ਹੈ। ਨਿਰਬਾਹ ਮਾਤ੍ਰ ਤਿੰਨਾਂ ਚੀਜ਼ਾਂ ਨੂੰ ਅੰਗੀਕਾਰ ਕਰਨ ਵਾਲੇ ਦਾ ਨਾਮ ਅਧਮ ਅਭ੍ਯਾਗਤ ਹੈ। ਬਿਨਾਂ ਪ੍ਰਾਪਤੀ ਤੇ ਤਿਆਗੀ ਦਾ ਨਾਮ ਕਨਿਸ਼ਟ ਅਭਿਆਗਤ ਹੈ ਅਤੇ ਬ੍ਰਹਮ ਗ੍ਯਾਨੀ ਸਭ ਦੇ ਸੇਵਾ ਕਰਨੇ ਜੋਗ ਹੈ।

ਕਰਨੀ; ਧੂਪ, ਦੀਪ, ਚੰਦਨ, ਫ਼ੁੱਲ ਮਾਲ ਅਰਪਨ ਕਰਨੀ; ਇਹ ਅਰਚਨ ਭਗਤੀ ਹੈ। (੭) ਆਪ ਨੂੰ ਦਾਸ ਤੇ ਇਸ਼ਟ ਨੂੰ ਸੁਆਮੀ ਸਮਝ ਕੇ ਤਨ, ਮਨ, ਧਨ, ਅਰਪਨ ਕਰ ਪਤਿਬ੍ਰਤਾ ਇਸਤ੍ਰੀ ਵਤ ਸੁਆਮੀ ਦੀ ਰਜ਼ਾ ਵਿੱਚ ਖ਼ੁਸ਼ੀ ਹੋ ਕੇ ਵਰਤਨਾ; ਏਹ ਸਾਖ੍ਯਾਤ ਭਗਤੀ ਹੈ। (੮) ਕੇਵਲ ਪਰਮੇਸ਼੍ਵਰ ਨੂੰ ਹੀ ਆਪਣਾ ਲੋਕ ਪ੍ਰੋਕ ਦਾ ਸਹਾਇਕ ਮੰਨ ਕੇ ਹੋਰ ਕਿਸੇ ਦੇਵੀ, ਦੇਵਤਾ, ਪੀਰ, ਫ਼ਕੀਰ, ਮੜੀ ਮਸਾਣ, ਸਿੱਧ ਅੱਗੇ ਨਾ ਝੁਕਣਾ; ਏਹ ਅਨੰਨ੍ਯ ਭਗਤੀ ਹੈ। (੯) ਤਨ, ਮਨ, ਧਨ, ਪੁਤ੍ਰ, ਇਸਤ੍ਰੀ, ਗ੍ਰਿਹ, ਕੁਟੰਬ ਇੱਜ਼ਤ, ਵਿੱਦ੍ਯਾ ਸਭ ਕੁਛ ਪਰਮੇਸ਼੍ਵਰ ਦੀ ਦਾਤ ਸਮਝ ਕੇ ਆਪਣੀ ਮਮਤਾ ਛੱਡ ਰੱਖਣੀ; ਏਹ ਅਰਪਣ ਭਗਤੀ ਹੈ। ਏਸ ਨੌਂ ਪ੍ਰਕਾਰ ਦੀ ਭਗਤੀ ਵਿੱਚੋਂ ਜੋ ਇੱਕ ਭੀ ਕਿਸੇ ਪੁਰਖ ਇਸਤ੍ਰੀ ਵਿੱਚ ਪੂਰੀ ਪੂਰੀ ਵਰਤਮਾਨ ਹੋਵੇ ਤਾਂ ਓਹੋ ਸੰਸਾਰ ਥੀਂ ਤਾਰ ਛਡਦੀ ਹੈ। ਸੰਤਾਂ ਭਗਤਾਂ ਤੇ ਸਰਗੁਣ ਬ੍ਰਹਮ ਦੀਆਂ ਕਹਾਣੀਆਂ ਸੁਣ ਕੇ ਸੰਸਾਰ ਦੇ ਕਾਰਾਂ ਵਿਹਾਰਾਂ ਤੋਂ ਉੱਪਰਾਮ ਰਹਿ ਕੇ; ਜੈਸੇ ਕਾਮੀ ਪੁਰਖ ਕਾਮਨਾ ਦੀ, ਨਿਰਧਨ ਧਨ ਦੀ, ਪਿਆਸਾ ਪਾਣੀ ਦੀ, ਪਤਿਬ੍ਰਤਾ ਪਤੀ ਦੇ ਮਿਲਾਪ ਦੀ ਤੀਬਰ ਇੱਛ੍ਯਾ ਰਖਦੀ ਹੈ; ਤੈਸੇ ਸਗੁਨ ਸਰੂਪ ਪ੍ਰਮੇਸ਼ਰ ਦੇ ਦਰਸ਼ਨ ਦੀ ਲਗਨ ਵਿੱਚ ਮਗਨ ਰਹਿਨਾ, ਪ੍ਰੇਮ ਦਾ ਨੇਤ੍ਰਾਂ ਰਾਹੀਂ ਪ੍ਰਵਾਹ ਚਲਨਾਂ ਤੇ ਸੰਤ ਸੇਵਾ ਵਿੱਚ ਅਤਯੰਤ ਪ੍ਰੀਤਿ ਹੋਣੀ ਏਹ ਪ੍ਰੇਮਾ ਭਗਤੀ ਹੈ। ਬੀਜ ਬ੍ਰਿਛ, ਸ੍ਵਰਨ ਗਹਿਣੇ, ਤਰੰਗ ਜਲ ਰੂਪ ਅਭੇਦ ਸਮਝਣ ਵਾਂਗੂੰ ਸਾਰੇ ਜਗਤ ਦੇ ਚਰਾਚਰ ਪਦਾਰਥ; ਜੋ ਦੇਖੇ ਸੁਣੇ ਜਾਂਦੇ ਹਨ, ਸਭ ਨੂੰ ਬ੍ਰਹਮ ਰੂਪ ਸਮਝਣਾਂ ਅਤੇ ਆਪ ਨੂੰ ਨਿਸਚੇ ਤਾਂ ਬ੍ਰਹਮ ਮੰਨਣਾ ਪਰ ਬਾਣੀ ਦੁਆਰਾ 'ਮੈਂ ਬ੍ਰਹਮ ਹਾਂ' ਐਸਾ ਨਾ ਕਹਿਣਾ; ਏਹ ਪਰਾ ਭਗਤੀ ਹੈ। ਏਹੋ ਹੀ ਅਨੰਨ ਭਗਤੀ ਹੈ। ਅਨੰਨ ਭਗਤੀ ਵਾਲਾ 'ਮੈਂ ਬ੍ਰਹਮ ਹਾਂ' ਐਸਾ ਨਹੀਂ ਆਖਦਾ ਤੇ ਬ੍ਰਹਮ ਗ੍ਯਾਨੀ ਨਿਸੰਗ ਆਖਦਾ ਹੈ ਏਤਨਾ ਹੀ ਫ਼ਰਕ ਬ੍ਰਹਮ ਗ੍ਯਾਨੀ ਤੇ ਅਨੰਨ ਭਗਤੀ ਦਾ ਹੈ।"

ਸਿੱਖਾਂ ਫੇਰ ਬੇਨਤੀ {ਸ਼ੰਕਾ ਨਿਵਿਰਤੀ, ਜੇ ਸਭ ਬ੍ਰਹਮ ਤਾਂ ਪਾਪ ਪੁੰਨ ਦਾ ਕੀ ਭੇਦ?} ਕੀਤੀ, "ਜੇ ਸਭ ਬ੍ਰਹਮ ਹੀ ਬ੍ਰਹਮ ਹੈ ਤਾਂ ਪਾਪ ਪੁੰਨ ਦਾ ਫ਼ਲ ਦੁਖ ਸੁਖ ਤੇ ਨਰਕ ਸੁਵਰਗ ਕੌਣ ਭੋਗਦਾ ਹੈ?" ਗੁਰੂ ਸਾਹਿਬ ਬੋਲੇ, "ਭਾਈ ਸਿੱਖੋ! ਜਿਕੂੰ ਨੀਂਦਰ ਵਾਲੇ ਪੁਰਖ ਨੂੰ ਅਗ੍ਯਾਨ ਕਰ ਕੇ ਸ੍ਵਪਨ ਦੇ ਲਾਭ ਹਾਨਿ ਦਾ ਦੁਖ ਸੁਖ ਪ੍ਰਾਪਤ ਹੁੰਦਾ ਹੈ ਤੇ ਜਾਗ੍ਰਤ ਵਾਲੇ ਨੂੰ ਨਹੀਂ ਹੁੰਦਾ, ਤੈਸੇ ਹੀ ਅਵਿੱਦ੍ਯਾ ਵਾਲੇ ਅਗ੍ਯਾਨੀ ਜੀਵ ਨੂੰ ਜੰਮਣ ਮਰਣ ਪਾਪ ਪੁੰਨ੍ਯ ਦੁਖ ਸੁਖ ਵੈਰੀ ਮਿੱਤ੍ਰ ਲਾਭ ਹਾਨਿ ਜੀਵ ਈਸ਼੍ਵਰ ਨਰਕ ਸ੍ਵਰਗਾਦਿਕ ਦ੍ਵੰਦ ਭਾਵ ਨਿਸਚੇ ਹੋਣੇ ਕਰ ਜੰਮਣ ਮਰਣਾਦਿਕ ਸੰਸਾਰ ਹੈ। ਤੇ ਜੇਹੜਾ ਅਵਿੱਦ੍ਯਾ ਨਿੰਦ੍ਰਾ ਤੋਂ ਜਾਗ ਕੇ 'ਮੈਂ ਬ੍ਰਹਮ ਹਾਂ' ਐਸਾ ਨਿਸਚੇ ਅਨੁਭਵ ਹੈ ਓਨ੍ਹਾਂ ਨੂੰ ਜੰਮਣ ਮਰਣਾਦਿਕ ਕੋਈ ਦੁਖ ਨਹੀਂ ਪਹੁੰਚਦਾ। ਬ੍ਰਹਮ ਗ੍ਯਾਨੀ ਤੋਂ ਬਿਨਾ ਹੋਰ ਸਭ ਨੂੰ ਕਰਮ, ਉਪਾਸ਼ਨਾ ਦਾ ਫ਼ਲ ਸੁਖ ਦੁਖ, ਜੰਮਣ ਮਰਣ, ਨਰਕ ਸਵਰਗ, ਜ਼ਰੂਰ ਭੋਗਣਾਂ ਪੈਂਦਾ ਹੈ।"

ਸਿੱਖਾਂ ਨੇ ਬੇਨਤੀ ਕੀਤੀ, "ਮਹਾਰਾਜ! ਕਰਮ ਭਗਤੀ, ਬ੍ਰਹਮਗ੍ਯਾਨ ਦਾ ਫ਼ਲ ਜਿਸ ਪ੍ਰਕਾਰ ਵੱਖਰਾ ਹੁੰਦਾ ਹੈ, ਓਹ ਕ੍ਰਿਪਾ ਕਰ ਕੇ ਦੱਸੋ।" ਗੁਰੂ ਸਾਹਿਬ ਜੀ ਨੇ ਕਿਹਾ, "ਭਾਈ ਸਿੱਖੋ! ਜਿਸ ਤਰ੍ਹਾਂ ਜੀਵ ਸਨਾਤਨ ਹੈ, ਤਿਸੀ ਪ੍ਰਕਾਰ ਜੀਵਾਂ ਦੇ ਕਰਮ ਸਨਾਤਨ ਹਨ। ਕਰਮ ਤੋਂ ਇੱਕ ਵਾਸ਼ਨਾਂ, ਦੂਜਾ ਭੋਗ; ਏਹ ਦੋ ਅੰਕੁਰ ਅਰਥਾਤ ਸੰਕਲਪ ਪ੍ਰਾਪਤ ਹੁੰਦੇ ਹਨ। ਭੋਗ ਲਾਭ ਹਾਨਿ, ਸੁਖ ਦੁਖ ਭੋਗਣ ਦਾ ਨਾਮ ਹੈ। ਵਾਸਨਾਂ ਤੋਂ ਸ਼ੁਭ ਅਸ਼ੁਭ ਕਰਮਾਂ ਵਿੱਚ ਪ੍ਰਵਿਰਤੀ ਹੁੰਦੀ ਹੈ। ਪ੍ਰਵਿਰਤੀ ਵਾਲੇ ਜੀਵ ਹਮੇਸ਼ ਜੈਸੇ ਜੈਸੇ ਕਰਮ ਕਰਦੇ ਹਨ, ਓਨ੍ਹਾਂ ਦੇ ਅਨੁਸਾਰ ਨਰਕ ਸੁਵਰਗ ਵਿੱਚ ਚੌਰਾਸੀ ਲੱਖ ਜੋਨੀ ਵਿੱਚ ਹਰਟ ਦੀਆਂ ਟਿੰਡਾਂ ਵਾਂਗੂੰ ਪਏ ਭਰਮਦੇ ਹਨ। ਭਗਤੀ ਉਪਾਸਨਾ ਵਾਲੇ ਰਾਜੇ ਦੇ ਅਹਿਲਕਾਰਾਂ ਵਾਂਗੂੰ ਆਪਣੇ (ਦਰਜੇ) ਇਸ਼ਟ ਦੇਵ ਬਿਸ਼ਨਾਦਿਕਾਂ ਦੇ ਲੋਕ ਵਿੱਚ ਪਹੁੰਚ ਕੇ ਦਰਜੇ ਬਦਰਜੇ ਸਲੋਕ, ਸਾਮੀਪ, ਸਾਰੂਪ, ਸਾਯੁਜ ਚਾਰ ਪ੍ਰਕਾਰ ਦੀ ਮੁਕਤੀ ਪਾਉਂਦੇ ਹਨ ਤੇ ਮਹਾਂ ਪ੍ਰਲ੍ਯ ਹੋਣ ਤੱਕ ਓਥੇ ਹੀ ਰਹਿ ਕੇ ਬਾਂਛਤ ਭੋਗ ਭੋਗਦੇ ਹਨ।

ਓਹਨਾਂ ਵਿੱਚੋਂ ਜਿਸ ਨੂੰ ਇਸ ਲੋਕ ਦੇ ਵਿਸ਼ੇ ਭੋਗਣ ਦੀ ਇੱਛਯਾ ਰਹਿੰਦੀ ਹੈ, ਓਹ ਫੇਰ ਕਿਸੇ ਅਮੀਰ ਦੇ ਘਰ ਜਨਮ ਧਾਰ ਕੇ ਸੰਸਾਰ ਦੇ ਸੰਪੂਰਨ ਵਿਸ਼ੇ ਸੁਖ ਭੋਗ ਕਰ ਫੇਰ ਕਰਮ ਵਾਕਾਂ ਅਨੁਸਾਰ ਸੰਸਾਰ ਵਿੱਚ ਜਨਮ ਲੈਂਦਾ ਹੈ। ਪਰ ਏਹ ਨੌਧਾ ਭਗਤੀ ਵਾਲੇ ਭਗਤਾਂ ਦੀ ਮਰਯਾਦਾ ਹੈ ਅਤੇ ਪ੍ਰੇਮਾ ਭਗਤੀ ਵਾਲੇ ਤਨ ਤਯਾਗ ਸਰਬ ਸ਼ਕਤੀਵਾਨ ਈਸ਼੍ਵਰ ਦੇ ਲੋਕ ਸੱਚਖੰਡ ਵਿਖੇ ਜਾ ਕੇ ਪਰਮਾਨੰਦ ਵਿੱਚ ਮਗਨ ਰਹਿੰਦੇ ਹਨ। ਓਨ੍ਹਾਂ ਨੂੰ ਖਾਨ ਪਾਨਾਦਿਕ ਕਿਸੇ ਵਿਸ਼ੇ ਦੀ ਵਾਸ਼ਨਾਂ ਨਹੀਂ ਫੁਰਦੀ ਤੇ ਮਹਾਂ ਪ੍ਰਲਯ ਹੋਣ ਸਮੇਂ ਓਹ ਈਸ਼੍ਵਰ ਵਿੱਚ ਲੈ ਹੋ ਜਾਂਦੇ ਹਨ। ਪਰਾ ਭਗਤੀ ਵਾਲੇ ਏਸੇ ਜਨਮ ਵਿੱਚ ਯਾ ਇੱਕ ਜਨਮ ਹੋਰ ਵਿਦ੍ਵਾਨ ਜੋਗੀ ਜਨਾਂ ਦੇ ਘਰ ਲੈ ਕਰ ਬ੍ਰਹਮਗਯਾਨ ਨੂੰ ਪ੍ਰਾਪਤ ਹੋ ਕੇ; ਜਿਕੂੰ ਨਦੀਆਂ ਸਮੁੰਦਰ ਵਿੱਚ ਲੀਨ ਹੋ ਕੇ ਸਮੁੰਦ੍ਰ ਰੂਪ ਹੀ ਬਣ ਜਾਂਦੀਆਂ ਹਨ, ਤੈਸੇ ਸੁੱਧ ਸੱਚਦਾਨੰਦ ਰੂਪ ਬ੍ਰਹਮ ਵਿੱਚ ਲੀਨ ਹੋ ਜਾਂਦੇ ਹਨ। ਫੇਰ ਕਦੇ ਵੱਖਰੇ ਨਹੀਂ ਹੁੰਦੇ।"

ਸਿੱਖਾਂ ਨੇ ਫੇਰ ਪ੍ਰਾਰਥਨਾਂ ਕੀਤੀ, "ਸੱਚੇ ਪਾਤਸ਼ਾਹ! ਪਰਾ ਭਗਤੀ ਤੇ ਬ੍ਰਹਮ ਗਯਾਨ ਵਾਲੇ ਪੁਰਖਾਂ ਦੇ ਲੱਖਣ ਕ੍ਰਿਪਾ ਕਰ ਕੇ ਆਪ ਦੱਸੋ ਤਾਂ ਅਸੀਂ ਭੀ ਓਨ੍ਹਾਂ ਦੀ ਸੰਗਤ ਕਰੀਏ। ਕਿਉਂਕਿ ਲੱਛਣਾਂ ਬਿਨਾਂ ਗਯਾਨੀ ਤੇ ਅਗਯਾਨੀ ਜਾਣੇ ਨਹੀਂ ਜਾਂਦੇ।" ਗੁਰੂ ਸਾਹਿਬ ਬੋਲੇ, "ਭਾਈ ਸਿੱਖੋ! ਸੱਚੇ ਭਗਤਾਂ ਤੇ ਬ੍ਰਹਮ ਗਯਾਨੀਆਂ ਦੇ ਅੰਤ੍ਰੀਵ ਲੱਖਣ ਤਾਂ ਬਰਨਨ ਕਰਨੇ ਤੇ ਸਮਝਣੇ ਬਹੁਤ ਕਠਨ ਹਨ। ਪਰਤੱਖ ਬਾਹਰ ਦੇ ਲੱਖਣ ਏਹ ਹਨ: ਸਤੋ ਗੁਣੀ, ਸਮਦਰਸ਼ੀ, ਸ਼ਾਂਤਿ ਚਿੱਤ, ਉਦਾਰ, ਗੁਣ ਗ੍ਰਾਹੀ, ਨਿਰਭੈ, ਕੋਮਲ ਚਿੱਤ, ਗੰਭੀਰ, ਸਭ ਦੇ ਸੱਜਨ, ਪ੍ਰਸੰਨ ਮੁਖ, ਹਰਿਗੁਰ ਭਗਤ; ਲਾਭ ਹਾਨਿ, ਸੁਖ ਦੁਖ, ਮਿਤ੍ਰ ਸਤ੍ਰ, ਮਾਨ ਅਪਮਾਨ ਵਿਖੇ ਬਿਹਬਲ ਨਾ ਹੋਣਾ; ਇਤਯਾਦਿਕ ਸ੍ਰੇਸ਼ਟ ਲੱਖਣ ਜਿਨ੍ਹਾਂ ਵਿੱਚ ਹੋਣ, ਉਨ੍ਹਾਂ ਦੀ ਸੰਗਤ ਕਰਨੀ ਕਲਯਾਣਕਾਰੀ ਹੈ।"

ਸੰਗਤਾਂ ਨੂੰ ਉਪਦੇਸ਼

ਪ੍ਰਿਥੀਮਲ, ਤੁਲਸਾ ਦੋ ਭੱਲੇ ਖੱਤ੍ਰੀ ਬਡੇ ਹੰਕਾਰੀ ਦੌਲਤਮੰਦ ਗੁਰੂ ਜੀ ਦੇ ਪਾਸ ਆਏ ਤੇ ਨਮਸਕਾਰ ਨਾ ਕੀਤੀ। ਬੋਲੇ "ਤੁਹਾਡੀ ਸਾਡੀ ਜਾਤ ਇੱਕੋ ਹੈ।" ਗੁਰੂ ਜੀ ਬੋਲੇ, {ਗੁਰੂ ਦੀ ਕੋਈ ਜਾਤ ਨਹੀਂ} "ਸੰਤਾਂ ਦੀ ਜਾਤ ਪਾਤ ਨਹੀਂ ਹੁੰਦੀ। ਦੇਹ ਪੰਚ ਤੱਤ ਦੀ ਸਭ ਦੀ ਹੈ। ਜੀਵ ਪ੍ਰਮੇਸ਼ਰ ਦੀ ਜਾਤਿ ਹੈ। ਪ੍ਰਲੋਕ ਵਿੱਚ ਕਰਨੀ ਪ੍ਰਵਾਨ ਹੁੰਦੀ ਹੈ। ਜਾਤਿ ਦੇਹ ਓਥੇ ਨਹੀਂ ਜਾਂਦੀ।" ਏਹ ਬਚਨ ਸੁਣ ਕੇ ਓਹ ਭੀ ਸਿੱਖ ਹੋ ਗਏ ਤਾਂ ਗੁਰੂ ਜੀ ਨੇ ਸਤਿਨਾਮ ਦਾ ਉਪਦੇਸ਼ ਦੇ ਕਰ ਆਖਿਆ, "ਮਨ ਨੀਵਾਂ ਰੱਖ ਕੇ ਸਿੱਖਾਂ ਸਾਧਾਂ ਦੀ ਸੇਵਾ ਕੀਤਾ ਕਰੋ ਤੇ ਸ੍ਵਾਸ ਸ੍ਵਾਸ ਗੋਬਿੰਦ ਸਿਮਰਨ ਕਰਦੇ ਰਹੋ, ਤੁਹਾਡੀ ਕਲਜਾਨ ਹੋਵੇਗੀ।"

ਏਸੇ ਸਮੇਂ ਭਾਈ ਮੱਲਣ, ਉਗ੍ਰਸੈਨ, ਰਾਮੂ, ਗੌਰੀ, ਗੋਪੀ, ਮੋਹਨ ਆਦਿਕ ਬਹੁਤ ਸੰਗਤ ਸਮੇਤ ਗੁਰੂ ਜੀ ਪਾਸ ਆਏ ਤੇ ਉਪਦੇਸ਼ ਲੈਣ ਵਾਸਤੇ ਪ੍ਰਾਰਥਨਾ ਕੀਤੀ। ਗੁਰੂ ਜੀ ਨੇ ਪਗ ਪਾਹੁਲ ਸਤਿਨਾਮ ਦੇ ਕਰ ਬਚਨ ਕੀਤਾ, "ਹੰਕਾਰ ਛੱਡ ਕੇ ਆਏ ਸਿੱਖ ਸਾਧ ਨੂੰ ਸ਼ਰਧਾ ਪ੍ਰੇਮ ਨਾਲ ਭੋਜਨ ਛਾਦਨ ਯਥਾ ਸ਼ਕਤਿ ਦੇ ਕੇ ਓਨ੍ਹਾਂ ਦੀ ਖ਼ੁਸ਼ੀ ਲਿਆ ਕਰੋ। ਅੰਮ੍ਰਿਤ ਵੇਲੇ ਉੱਠ ਕੇ ਇਸ਼ਨਾਨ ਕਰ ਗੁਰਮੰਤ੍ਰ ਦਾ ਪਾਠ ਤੇ ਗੁਰ ਮੂਰਤਿ ਦਾ ਧਯਾਨ ਨਿਤ ਨੇਮ ਪੰਜ ਘੜੀ ਏਕਾਂਤ ਬੈਠ ਕੇ ਕੀਤਾ ਕਰੋ। ਹੋਰ ਸਾਰਾ ਦਿਨ ਧਰਮ ਕ੍ਰਿਤ ਕਰੋ। ਚਾਰ ਘੜੀ ਜ਼ਰੂਰ ਪ੍ਰਭੂ ਦੀ ਭਗਤੀ ਸਤਸੰਗ ਕਰਨਾ ਜੋਗਯ ਹੈ, ਜਿਸ ਤੋਂ ਤੁਸਾਡੇ ਸਭ ਕਾਰ ਲੋਕ ਪ੍ਰਲੋਕ ਦੇ ਸਫ਼ਲ ਹੋ ਜਾਣਗੇ। ਸਾਰੀ ਬਿਭੋ ਈਸ਼ਵਰ ਦੀ ਮੰਨ ਕੇ ਆਪਣੀ ਮਮਤਾ ਛੱਡ ਕਰ, ਜਿਕੂੰ ਦਾਈ ਪਰਾਏ ਪੁੱਤ੍ਰ ਨੂੰ ਪਾਲਦੀ ਹੈ ਤੇ ਰਖਵਾਲਾ ਪ੍ਰਾਯਾ ਖੇਤ ਰੱਖਦਾ ਹੈ; ਤੈਸੇ ਤਰ੍ਹਾਂ ਕੁਟੰਬ ਦੀ ਪਾਲਣਾ ਕਰੋ। ਕਿਸੇ ਨਾਲ ਕਠੋਰ ਬਚਨ, ਦੁਵੈਸ਼, ਦਗਾ, ਛਲ, ਨਿੰਦਾ ਚੁਗਲੀ ਨਾ ਕਰੋ।"

ਚੌਪਈ

ਸਿੱਖ ਸਾਧੂ ਜੋ ਘਰ ਚਲ ਆਵੈ।
ਕਰਹੁ ਸੇਵ ਜੇਤਕ ਬਨ ਆਵੈ।
ਹਰਿ ਗੁਰੁ ਪਰ ਦ੍ਰਿਢ ਰਖੋ ਭਰੋਸਾ।
ਕਾਹੂੰ ਸੰਗ ਰਖੋ ਨਹਿ ਰੋਸਾ।
ਮੜੀ ਟੋਭੜੀ ਗੋਰ ਸਮਾਧ।
ਪੀਰ ਦੇਵਤਾ ਦੰਭੀ ਸਾਧ।
ਨਿਜ ਕਲਜਾਨ ਹਿਤ ਇਨਕੀ ਸੇਵਾ।
ਕਰੋ ਨ ਕਬਹੂੰ ਤਜ ਹਰਿ ਦੇਵਾ।
ਮਾਨ ਬਚਨ ਵਹਿ ਹੋਇ ਪ੍ਰਸੰਨ।
ਗਏ ਧਾਮ ਕਹਿ ਕੇ ਗੁਰੁ ਧੰਨ।
ਬੰਧਨ ਤੇ ਜਿਨ ਮੁਕਤ ਕਰੇ ਹੈਂ।
ਭੈ ਸੰਸੈ ਭ੍ਰਮ ਸ਼ੋਕ ਹਰੇ ਹੈਂ।
ਇਸ ਹੀ ਤੌਰ ਔਰ ਜਨ ਘਨੇ।
ਆਇ ਨਿਤਾਪ੍ਰਤਿ ਗੁਰੂ ਸਿੱਖ ਬਨੇ।
ਤਾਰੂ ਝੰਡਾ ਪੂਰੋ ਮਾਲੂ।
ਆਇ ਭਏ ਗੁਰੁ ਸਿੱਖ ਬਿਸਾਲੂ।
ਲੈ ਉਪਦੇਸ਼ ਕਲੇਸ਼ ਅਸ਼ੇਸ਼।
ਕਾਟ ਗਏ ਪੁਨ ਅਪਨੇ ਦੇਸ਼।
ਨਗਰ ਮੱਲੀਆਂ ਕੇ ਤ੍ਰੈ ਛੀਂਬੈ।
ਨਾਮ ਸਹਾਰੂ ਭਾਰੂ ਜੀਬੇ।

ਸ਼ਰਨ ਗੁਰੂ ਕੀ ਆਇ ਪਰੇ ਹੈਂ।
ਭਏ ਸਿੱਖ ਭਵਸਿੰਧ ਤਰੇ ਹੈਂ।
ਬੂਲਾ ਪਾਧਾ ਮਿਸਰੂ ਆਯੋ।
ਨਮੋ ਠਾਨ ਗੁਰੁ ਪਗ ਲਪਟਾਯੋ।
ਮੇਰੀ ਜਿਸ ਬਿਧਿ ਹੋਏ ਕਲਜਾਨ।
ਦਿਹੁ ਉਪਦੇਸ਼ ਵੇਸ ਸੁਖ ਖਾਨਿ।
ਸੇਵਾ ਹਮਤੇ ਹੋਤ ਨ ਕੋਈ।
ਦ੍ਵਿਜ ਲੱਖ ਸੇਵ ਕਰਾਇ ਨ ਕੋਈ।
ਸਤਗੁਰ ਬੋਲੇ ਸਹਿਜ ਸੁਭਾਇ।
ਸਿਮਰਹੁ ਸੱਤਿ ਨਾਮ ਮਨ ਲਾਇ।
ਪਰਾਚੀਨ ਜੇ ਭਜਨ ਅਪਾਰੈਂ।
ਸੋ ਕਲਿ ਮੈਂ ਕਿਛੁ ਕਾਜ ਨਾ ਸਾਰੈਂ।
ਜਿਸ ਕਾ ਰਾਜ ਤਿਸੀ ਕੀ ਦੋਹੀ।
ਦੀਏ ਛੁਟਤ ਗ਼ੁਨਾਹੀ ਕੋਹੀ।
ਗ਼ੁਜ਼ਰ ਗਏ ਜੋ ਪਿਛਲੇ ਰਾਜੇ।
ਤਿਨ ਕੇ ਨਾਮ ਲੈਨ ਕਿਹ ਕਾਜੇ।
ਤਯੋਂ ਹੀ ਕਲਿਜੁਗ ਮੈਂ ਸਤਨਾਮੁ।
ਸਿਮਰੇ ਹੋਤ ਕਲਜਾਨ ਤਮਾਮ।
ਮਾਨ ਬਚਨ ਦਿਜ ਸਿਮਰਨ ਲਾਗਾ।
ਭਯੋ ਕਲਜਾਨ ਤਬੈ ਬਡ ਭਾਗਾ।
ਤਬ ਲੌ ਡੱਲੇ ਕੀ ਬਹੁ ਸੰਗਤ।
ਆਈ ਚਲ ਗੁਰ ਪਾਸ ਉਮੰਗਤ।
ਯਥਾ ਜੋਗ ਦੈ ਭੇਟ ਬਸੇਸ।
ਅਤਿ ਨਿੰਮਰ ਹੁਇ ਲੈ ਉਪਦੇਸ਼।
ਭਏ ਸਿੱਖ ਸਿਦਕੀ ਸਭ ਭਾਂਤ।
ਹੁਕਮ ਦਯੋ ਗੁਰੁ ਇਹ ਬਿਖਿਆਤ।
ਧਰਮਸਾਲ ਨਿਜ ਨਗਰ ਬਨਾਵਹੁ।
ਸਿੱਖ ਸਾਧੂ ਭਲ ਤਹਾਂ ਟਿਕਾਵਹੁ।
ਜਥਾ ਜੋਗ ਸੇਵਾ ਰਹੁ ਕਰਤੇ।
ਰਚੋ ਮਕਾਨ ਨੀਕ ਨਿਜ ਘਰ ਤੇ।
ਸਿੱਖ ਸਾਧੂ ਜੋ ਆਵੈ ਤਹਾਂ।
ਰਖੋ ਟਿਕਾਇ ਪ੍ਰੇਮ ਧਰ ਮਹਾਂ।
ਧਰਮ ਕ੍ਰਿਤ ਦਿਨ ਸਰਬ ਕਮਾਵੋ।
ਨਿਸ ਕੋ ਧਰਮਸਾਲ ਚਲ ਆਵੋ।
ਜੋ ਨਿਤ ਪ੍ਰਤਿ ਨਹਿ ਸਾਕਹੁ ਜਾਇ।
ਤੌ ਗੁਰ ਪੁਰਬ ਬਸਾਖੀ ਆਇ।
ਪੂਨਯੋਂ ਅਮਾਵਸ ਏਕਾਦਸੀ।
ਇਕ ਦਿਨ ਜਾਵਹੁ ਤਹਾਂ ਆਵਸੀ।
ਕਥਾ ਕੀਰਤਨ ਸਤਸੰਗ ਕਰੋ।
ਸ੍ਰਵਨ ਮੰਨਨ ਨਿਧਜਾਸਨ ਧਰੋ।

ਦਿਹੁ ਗ਼ਰੀਬ ਕੋ ਬਸਤ੍ਰ ਅੰਨਜ।
ਧਾਰਹੁ ਭਗਤੀ ਭਾਵ ਅਨੰਨਜ।
ਕਾਰਜ ਜਿਸ ਸਿੱਖ ਕਾ ਅੜ ਜਾਇ।
ਕਰ ਅਰਦਾਸ ਸੁਧਾਰਹੁ ਸਾਇ।
ਜਥਾ ਸ਼ਕਤਿ ਸਭ ਬਨੋ ਸਹਾਇਕ।
ਤਨ ਮਨ ਧਨ ਕਰ ਜੋ ਜਿਸ ਲਾਇਕ।
ਗੁਰੁ ਸਿੱਖਨ ਕੋ ਲਖ ਨਿਜ ਅੰਗ।
ਪਾਲੋ ਪੋਸੋ ਸਭ ਬਿਧਿ ਚੰਗ।
ਧਰਮ ਅਰਥ ਕੀ ਮਦਦ ਦੇਹੋ।
ਇਸ ਬਿਧਿ ਜਨਮ ਸਫ਼ਲ ਕਰ ਲੇਹੋ।
ਪੁਤ੍ਰ ਪੌਤ੍ਰੇ ਹੋਇ ਜੁ ਥਾਰੇ।
ਪਿਖ ਤੁਮ ਕੋ ਵਹਿ ਬਨੈਂ ਉਦਾਰੇ।
ਸ਼ਰਧਾ ਧਰ ਗਾਵਹੁ ਗੁਰੁ ਬਾਨੀ।
ਇਸ ਬਿਧਿ ਹੋਇ ਕਲਜਾਨ ਮਹਾਨੀ।
ਸੁਨ ਉਪਦੇਸ਼ ਸਿੱਖ ਖੁਸ਼ ਥੀਏ।
ਹਰਖਤ ਭਏ ਅਥਕ ਨਿੱਜ ਹੀਏ।
ਸਤਿਸੰਗਤ ਕੀਰਤਨ ਨਿਤ ਕਰਹੀਂ।
ਗੁਰ ਸਿੱਖ ਸਰਬ ਭਵਾਂ ਬੁਧ ਤਰਹੀਂ।
ਗੁਰ ਉਪਦੇਸ਼ ਬਿਸ਼ਨੁ ਕੇ ਬਾਨ।
ਸ਼ਿਵ ਤ੍ਰਸੂਲ ਸ਼ਕਤਿ ਕ੍ਰਿਪਾਨ।
ਸਫ਼ਲ ਹੋਤ ਕਾਰਜ ਸਿਧ ਕਰਹੀਂ।
ਜੀਵਨ ਕੀ ਕਲਜਾਨ ਅਨੁਸਰਹੀਂ।
ਇਸੀ ਭਾਂਤ ਸੰਗਤਿ ਨਿਤ ਆਵੈ।
ਜਥਾ ਸ਼ਕਤ ਸਭ ਭੇਟ ਚਢਾਵੈ।
ਗੁਰੁ ਲੰਗਰ ਤੈ ਭੋਜਨ ਪਾਇ।
ਦਰਸ਼ਨ ਕਰ ਉਪਦੇਸ਼ ਗਹਾਇ।
ਚੰਦਨ ਤੈ ਚੰਦਨ ਜਿਮ ਹੋਈ।
ਕੀਟ ਭ੍ਰਿੰਗੀ ਜਯੋਂ ਗਤਿ ਸੋਈ।
ਸੱਤ ਨਾਮ ਸਿਮਰਤ ਘਰ ਜਾਂਹੀ।
ਗੁਰੁ ਕੀ ਮੂਰਤਿ ਰਿਦੇ ਰਖਾਂਹੀ।
ਯਾ ਬਿਧ ਸਿੱਖੀ ਜਗ ਬਿਰਧਾਈ।
ਕਲਿ ਮੈਂ ਸਤਜੁਗ ਰੀਤਿ ਚਲਾਈ।

ਫ਼ਕੀਰਾਂ ਦਾ ਮਿਲਾਪ

ਗੁਰੂ ਸਾਹਿਬ ਦਾ ਸੁਜੱਸ ਸੁਣ ਕੇ ਸੰਮਤ ੧੬੧੫ ਬਿਕ੍ਰਮੀ ਨੂੰ ਸੇਖ ਮੁਹੰਮਦ ਤਾਹਰੀ (ਜੋ ੧੬੮੧ ਬਿਕ੍ਰਮੀ ਨੂੰ ਗੁਜ਼ਰਿਆ ਹੈ) ਤੇ ਸੱਯਦ ਸ਼ਾਹ ਬਿਲਾਵਲ, (ਜੋ ਸੰਮਤ ੧੬੮੬ ਬਿਕ੍ਰਮੀ ਨੂੰ ਮਰਿਆ ਹੈ) ਮੁਹੰਮਦ ਮੁਕੀਮ ਸ਼ਾਹ ਮੁਕੀਮ ਦੇ ਹੁਜਰੇ ਵਾਲਾ ਤੇ ਖ਼ੁਆਜਾ ਬਿਹਾਰੀ ਆਦਿਕ ਮੁਸਲਮਾਨ; ਅਤੇ ਅਜਿੱਤ ਨਾਥ ਬੁੰਡਾਲੇ ਵਾਲਾ, ਸਿਆਮ ਦਾਸ ਕਸੂਰਵਾਲਾ ਇਤਯਾਦਿਕ ਜੋ ਓਸ ਸਮੇਂ ਬਡੇ ਕਰਾਮਤੀ ਅਤੇ ਮੰਨੇ ਪ੍ਰਮੰਨੇ ਹੋਏ ਦੇਸ ਵਿੱਚ ਮਸ਼ਹੂਰ ਪੀਰ ਫ਼ਕੀਰ ਸੇ, ਸੋ ਗੁਰੂ ਜੀ ਦੇ ਪਰਖਨ ਵਾਸਤੇ ਗੋਇੰਦਵਾਲ ਆਏ। ਪਰ ਗੁਰੂ ਜੀ ਦੇ ਤਪ, ਜਪ ਤੇ ਉਦਾਰ ਸੁਭਾਵ ਨੂੰ ਦੇਖ ਕੇ ਸੁਆਲ ਜੁਆਬ ਕਰਨੇ ਸਭ ਭੁੱਲ ਗਏ ਤੇ ਅਤਿ ਆਨੰਦ ਹੋਏ।

ਸ਼ਾਹ ਬਿਲਾਵਲ ਨੇ ਗੁਰੂ ਸਾਹਿਬ ਤੋਂ ਪੁੱਛਿਆ ਕਿ ਆਪ ਐਡੇ ਵੱਡੇ ਸਾਮਰਥ ਸਰਬ ਸ਼ਕਤੀਵਾਨ, ਬ੍ਰਹਮ ਬੇਤਾ ਹੋ ਕੇ ਫੇਰ ਐਡੀ ਡਾਢੀ ਤਪੱਸਯਾ ਕਿਉਂ ਕਰਦੇ ਹੋ? ਏਹ ਕੰਮ ਤਾਂ ਮੱਖਣ ਕੱਢ ਲਏ ਪਿੱਛੋਂ ਛਾਛ ਦੇ ਮਥਣ ਵਾਂਗੂੰ ਤੇ ਪਤੀ ਦੇ ਮਿਲਾਪ ਹੋਯਾਂ ਗੁੱਡੀਆਂ ਖੇਡਣ ਦੀ ਤਰ੍ਹਾਂ ਨਿਕੰਮਾਂ ਹੈ। ਗੁਰੂ ਜੀ ਨੇ ਜਵਾਬ ਦਿੱਤਾ ਕਿ ਕੋਈ ਕੰਗਾਲ ਰੇਤਾ ਛਾਣਕੇ ਗੁਜ਼ਾਰਾ ਕਰਦਾ ਹੁੰਦਾ ਸੀ। ਸਿਆਲੇ ਵਿੱਚ ਓਹਦੇ ਹੱਥ ਪੈਰ ਫਟੇ ਹੋਏ ਤੋਂ ਦੁਖੀ ਦੇਖ ਕੇ ਕਿਸੇ ਦਯਾਲੂ ਪੁਰਸ਼ ਨੇ ਇੱਕ ਅਮੋਲਕ ਰਤਨ ਰੇਤੇ ਵਿੱਚ ਸਿੱਟ ਦਿੱਤਾ। ਓਸ ਨੇ ਓਹ ਰਤਨ ਤਾਂ ਲਭ ਲਿਆ ਜਿਸ ਕਰ ਕੇ ਦਲਿਦ੍ਰ ਭੀ ਜਾਂਦਾ ਰਿਹਾ ਪਰ ਓਹ ਰੇਤਾ ਫੋਲਣੋਂ ਨਾ ਹਟਿਆ। ਜਦ ਫੇਰ ਓਸ ਨੂੰ ਪੁੱਛਿਆ ਕਿ ਤੇਰਾ ਦਰਿੱਦ੍ਰ ਦੂਰ ਹੋਯਾ ਕਿ ਨਹੀਂ? ਤਾਂ ਓਨ ਆਖਿਆ ਦਰਿੱਦ੍ਰ ਦੂਰ ਹੋ ਗਿਆ ਹੈ ਪਰ ਜਿਸ ਕੰਮ ਕਰਨ ਤੋਂ ਦਰਿੱਦ੍ਰ ਦੂਰ ਹੋਯਾ ਓਹ ਕੰਮ ਛੱਡਣਾ ਕ੍ਰਿਤਘਣਾਂ ਦਾ ਕੰਮ ਹੈ। ਏਹ ਪ੍ਰਸੰਗ ਸੁਣ ਕੇ ਓਹ ਫ਼ਕੀਰ ਬੜੇ ਅਨੰਦ ਹੋਏ।

ਫੇਰ ਜਦ ਓਨ੍ਹਾਂ ਨੇ ਮੁਕਤੀ ਦਾ ਰਾਹ ਪੁੱਛਿਆ ਤਾਂ ਗੁਰੂ ਜੀ ਨੇ ਆਖਯਾ, "ਤਨ, ਮਨ, ਧਨ ਤੋਂ ਲੈ ਕੇ ਸਾਰੇ ਸੰਸਾਰ ਦੇ ਪਦਾਰਥਾਂ ਨੂੰ ਮਿਥ੍ਯਾ ਮੰਨ ਕਰ ਏਨ੍ਹਾਂ ਵਿੱਚ ਬਾਗ਼ ਦੇ ਰਖਵਾਲੇ ਤੇ ਗੁਮਾਸ਼ਤੇ ਵਾਂਗ ਵਰਤਣਾ ਅਤੇ ਸਭਨਾਂ ਦਾ ਮਾਲਕ ਪ੍ਰਮੇਸ਼੍ਵਰ ਨੂੰ ਜਾਣ ਕੇ ਅਸੰਗ ਨਿਰਬਿਕਾਰ ਬਣੇ ਰਹਿਣਾ, ਏਹੋ ਸੱਚਾ ਮੁਕਤੀ ਦਾ ਮਾਰਗ ਹੈ।" ਏਹ ਉੱਤ੍ਰ ਸੁਣ ਕੇ ਓਹ ਫ਼ਕੀਰ ਗੁਰੂ ਅਮਰਦਾਸ ਜੀ ਨੂੰ ਸੱਚਾ ਬ੍ਰਹਮ ਗ੍ਯਾਨੀ ਨਿਸਚੇ ਕਰ ਗਏ।

ਮਾਈਦਾਸ ਦਾ ਪ੍ਰਸੰਗ

ਇਕ ਮਾਈਦਾਸ ਨਾਮੇ ਅਚਾਰੀ ਬੈਸ਼ਨੋ; ਜਿਸ ਦੇ ਨਾਲ ਕਈ ਪੰਡਤ ਅਤੇ ਵਿਦਯਾਰਥੀ ਸੇ, ਦੇਸ ਦੇਸ਼ਾਂਤ੍ਰਾਂ ਨੂੰ ਜਿੱਤਦਾ ਹੋਯਾ ਗੁਰੂ ਸਾਹਿਬ ਜੀ ਦੀ ਮਹਿਮਾ ਸੁਣ ਕੇ ਗੋਇੰਦਵਾਲ ਆਯਾ। ਗੁਰੂ ਸਾਹਿਬ ਜੀ ਦੇ ਦਰਸ਼ਨ {ਲੰਗਰ ਦਾ ਭੋਜਨ ਪਵਿੱਤ੍ਰ} ਕਰਨੇ ਚਾਹੇ ਤਾਂ ਸਿੱਖਾਂ ਨੇ ਆਖਿਆ, "ਲੰਗਰੋਂ ਭੋਜਨ ਛਕੇ ਬਿਨਾਂ ਦਰਸ਼ਨ ਨਹੀਂ ਹੁੰਦਾ।" ਓਹ ਬੋਲੇ, "ਅਸੀਂ ਤਾਂ ਸ੍ਵਯੰ ਪਾਕੀ ਹਾਂ। ਆਪਣੇ ਹੱਥੋਂ ਚੌਂਕਾ ਲਾ ਕੇ ਭੋਜਨ ਕਰਦੇ ਹਾਂ।" ਗੁਰੂ ਜੀ ਨੇ ਚਾਵਲ, ਮਿੱਠਾ, ਘੀ, ਮੈਦਾ ਆਦਿਕ ਚੰਗੀ ਰਸਤ ਦਿਵਾਈ। ਜਦ ਓਨ ਚੌਂਕੇ ਵਾਸਤੇ ਧਰਤੀ ਖੋਦੀ, ਤਾਂ ਮੋਏ ਹੋਏ ਕੁੱਤੇ ਦਾ ਕੁਰੰਗ ਨਿੱਕਲ ਪਿਆ। ਫੇਰ ਦੂਜੀ ਜਗ੍ਹਾ ਤੋਂ ਮਿੱਟੀ ਪੁੱਟੀ ਤਾਂ ਗਊ ਦਾ ਕੁਰੰਗ ਨਿੱਕਲ ਆਯਾ। ਏਸੇ ਤਰ੍ਹਾਂ ਅਨੇਕ ਥਾਓਂ ਮਿੱਟੀ ਪੁੱਟੀ ਪਰ ਕਿਤੋਂ ਕੁਛ, ਕਿਤੋਂ ਕੁਛ ਹੱਡੀਆਂ ਨਿਕਲਦੀਆਂ ਰਹੀਆਂ। ਓੜਕ ਨੂੰ ਦਰਿਆ ਕਿਨਾਰੇ ਰੋਟੀ ਜਾ ਬਣਾਈ।

ਗੁਰੂ ਸਾਹਿਬ ਪਾਸ ਗਏ ਦਰਸ਼ਨ ਪਾਏ ਤਾਂ ਗੁਰੂ ਜੀ ਨੇ ਬਚਨ ਕੀਤਾ, "ਪੰਡਿਤ ਜੀ! ਅਸਾਂ ਇੱਕ ਅਚਰਜ ਡਿੱਠਾ ਹੈ ਕਿ ਇੱਕ ਪੰਡਿਤ ਬੈਸ਼ਨੋ ਬ੍ਰਹਮਚਾਰੀ ਏਥੇ ਆਯਾ। ਓਸ ਨੇ ਲੰਗਰੋਂ ਰਸਦ ਲੈ ਕੇ ਬੜੀ ਸੁਚੱਮਤਾਈ ਨਾਲ ਭੋਜਨ ਤਿਆਰ ਕੀਤਾ ਤੇ ਓੜਕ ਨੂੰ ਇੱਕ ਮਹਾਂ ਮੈਲੇ ਕੁਚੈਲੇ ਖੱਲੜ ਵਿੱਚ ਪਾ ਲਿਆ। ਅਸਾਂ ਏਸ ਪਰ ਵਿਚਾਰ ਕੀਤਾ ਹੈ ਕਿ ਜੇਕਰ ਅਜੇਹੇ ਗੰਦੇ ਚੰਮ ਦੇ ਕੁੰਨੇ ਵਿੱਚ ਹੀ ਭਰ ਲੈਣਾ ਸੀ ਤਾਂ ਏਤਨੇ ਦੰਭ ਤੇ ਪ੍ਰਹੇਜ਼ ਕਿਉਂ ਕੀਤੇ?" ਮਾਈਦਾਸ ਬੋਲਿਆ, "ਓਹ ਕੋਈ ਪਾਖੰਡੀ ਮਹਾਂ ਮੂਰਖ ਯਾ ਕੋਈ ਮਲੇਛ ਹੋਵੇਗਾ। ਐਸਾ ਦੁਸ਼ਟ ਹਿੰਦੂ ਕੌਣ ਹੈ, ਜੋ ਭੋਜਨ ਨੂੰ ਖਲੜ੍ਹ ਵਿੱਚ ਪਾ ਲਏ।" ਗੁਰੂ ਜੀ ਬੋਲੇ, "ਓਹ ਤਾਂ ਚੰਗਾ ਲੋਗ ਬੈਸ਼ਨੋ ਆਚਾਰੀ ਪੂਰਬ ਦੇਸ ਦਾ ਸੀ ਤੇ ਅਸਾਂ ਬੀ ਉਸ ਨੂੰ ਅੱਜ ਹੀ ਦੇਖਿਆ ਹੈ।" ਏਹ ਸੁਣ ਕੇ ਮਾਈਦਾਸ ਨੂੰ ਆਪਣੀ ਵੱਲ ਖ਼ਿਆਲ ਆਯਾ ਤੇ ਗੁਰਾਂ ਦੇ ਚਰਨ ਫੜ ਲਏ। ਗੁਰੂ ਜੀ ਨੇ ਕਿਹਾ, "ਭਾਈ ਮਾਈਦਾਸ! ਪੇਟ ਨਾਲੋਂ ਵਧ ਕੇ ਮਹਾਂ ਮੈਲਾ ਕੁਚੈਲਾ ਬਿਸ਼ਟਾ ਮੂਤ੍ਰ ਦਾ ਥੈਲਾ ਹੋਰ ਕਿਹੜਾ ਹੈ? ਭੋਜਨ ਤਾਂ ਪ੍ਰਾਣ ਰੱਖਯਾ ਵਾਸਤੇ ਕਰੀਦਾ ਹੈ। ਹੋਰ ਜੋ ਜ਼ਿਮੀ ਖੋਦ ਕੇ ਚੌਂਕਾ ਲਾਉਂਣਾ, ਲਕੜੀ ਧੋਣੀ, ਪੜਦਾ ਕਰਨਾ ਹੈ ਏਹ ਸਭ ਦਿਖਾਵਾ ਤੇ ਝੂਠਾ ਢਕਵੰਜ ਹੈ। ਪੇਟ ਵਿੱਚ ਭਾਵੇਂ ਕੈਸਾ ਸਵਾਦੀਕ ਸੁਗੰਧਿਤ ਭੋਜਨ ਪਾਓ, ਸਭ ਗੰਧੀ ਮੈਲ ਹੋ ਜਾਂਦੀ ਹੈ। ਬਿਨਾਂ ਪਰਮੇਸ਼ਰ ਦੀ ਭਗਤੀ ਭਜਨ ਦੇ ਹੋਰ ਕਿਸੇ ਪ੍ਰਕਾਰ ਪੁਰਖ ਪਵਿਤ੍ਰ ਨਹੀਂ ਹੁੰਦਾ।" ਗੁਰੂ ਸਾਹਿਬ ਜੀ ਦੇ ਬਚਨ ਸੁਣ ਕੇ ਤੇ ਸੱਚਾ ਪਵਿੱਤ੍ਰ ਆਚਰਨ ਦੇਖ ਕੇ ਮਾਈਦਾਸ ਆਪਣੇ ਸਾਥੀ ਕੇਸ਼ੋ ਗੋਪਾਲ {ਕੇਸ਼ੋ ਗੋਪਾਲ ਪੰਡਿਤ} ਨਾਮੀ ਪੰਡਤ ਸਮੇਤ ਗੁਰੂ ਸਾਹਿਬ ਦਾ ਸਿੱਖ ਬਣ ਗਿਆ ਤੇ ਆਪਣੀ ਵਡਿਆਈ ਅਚਾਰੀ ਪੁਣਾ ਛੱਡ ਕੇ ਗੁਰੂ ਘਰ ਦੀ ਸੇਵਾ ਨਿਤ ਪ੍ਰਤੀ ਕਰਨ ਲੱਗਾ। ਏਹੋ ਕੇਸ਼ੋ ਗੋਪਾਲ ਕਈ ਇੱਕ ਗ੍ਰੰਥਾਂ ਦੀ ਕਥਾ ਸੁਣਾਉਂਦਾ ਰਿਹਾ।

ਤੀਰਥ ਜਾਤ੍ਰਾ

ਸੰ: ੧੬੧੫ ਬਿਕ੍ਰਮੀ ਨੂੰ ਜਦ ਅਭਿਜਿਤ ਨਛਤ੍ਰ ਕੁੰਭ ਰਾਸੀ ਵਿੱਚ ਆਯਾ ਤੇ ਮਹਾਂਵਾਰਨੀ ਦਾ ਪੁਰਬ ਲੱਗਾ, ਜਿਸ ਨੂੰ ਅਭੀਚ ਪੁਰਬ ਲਿਖਿਆ ਹੈ ਤਾਂ ਗੁਰੂ ਅਮਰਦਾਸ ਜੀ ਬਾਈਸਵੀਂ ਵਾਰੀ ਗੰਗਾ ਜੀ ਦੇ ਇਸ਼ਨਾਨ ਕਰਨ ਲਈ ਤਿਆਰ ਹੋਏ ਤਾਂ ਬਹੁਤ ਸੰਗਤ ਨਾਲ ਹੋ ਗਈ। ਓਸ ਸਮੇਂ ਗੁਰੂ ਰਾਮਦਾਸ ਜੀ ਗੁਰੂ ਕੀ ਟਹਿਲ ਵਿੱਚ ਹਰ ਵੇਲੇ ਹਾਜ਼ਰ ਰਿਹਾ ਕਰਦੇ ਸੇ। ਓਹ ਭੀ ਨਾਲ ਗਏ। ਪਹਿਲੇ ਲੋਕਾਂ ਦੇ ਉਧਾਰ ਲਈ ਕੁਰਖੇਤ੍ਰ ਸਨੇਹਤ ਤੀਰਥ ਕਨਾਰੇ ਜਾ ਉੱਤਰੇ। ਇਸ਼ਨਾਨ ਦਾਨ ਕੀਤੇ। ਗੁਰੂ ਸਾਹਿਬ ਦੇ ਦਰਸ਼ਨ ਕਰਨ ਵਾਸਤੇ ਬਹੁਤ ਖਲਕਤ ਆਈ, ਭੇਟਾ ਚੜ੍ਹਾਈ ਪਰ ਗੁਰੂ ਜੀ ਨੇ ਅਪਨੀ ਰੀਤਿ ਮੁਸਾਫ਼ਿਰੀ ਵਿੱਚ ਭੀ ਨਹੀਂ ਛੱਡੀ। ਜੋ ਕੁਛ ਆਵੇ ਸਭ ਲੰਗਰ ਲਾ ਦੇਣ। ਥਨੇਸਰ ਤੋਂ ਚੱਲ ਕੇ ਜਦ ਜਮਨਾ ਕਨਾਰੇ ਗਏ, ਜਿੱਥੇ ਗੰਗਾ ਦੇ ਜਾਤ੍ਰੀਆਂ ਨੂੰ {ਮਸੂਲੀਆਂ ਦਾ ਪ੍ਰਸੰਗ} ਮਸੂਲੀਏ ਸਵਾ ਰੁਪਯਾ ਮੁੰਡਕਾ ਲੈ ਕੇ ਫ਼ੁੱਲ ਉਤੋਂ ਦੀ ਲੰਘਣ ਦਿੰਦੇ ਸੇ; ਏਨ੍ਹਾਂ ਤੋਂ ਭੀ ਮਸੂਲ ਮੰਗਿਆ ਤਾਂ ਗੁਰੂ ਰਾਮਦਾਸ ਜੀ ਨੇ ਜਵਾਬ ਦਿੱਤਾ ਕਿ ਅਸੀਂ ਗਿਣ ਕੇ ਮੰਡਕਾ ਨਹੀਂ ਦੇਣਾ। ਪੰਜ ਸੌ ਰੁਪਯਾ ਤੁਸਾਨੂੰ ਇਨਾਮ ਦੇਵਾਂਗੇ। ਓਨ੍ਹਾਂ ਨੇ ਗੁਰੂ ਸਾਹਿਬ ਨਾਲ ਬਹੁਤ ਲੋਗ ਆਏ ਦੇਖ ਕੇ ਪੰਜ ਸੌ ਲੈਣਾ ਨਾ ਮੰਨਿਆਂ ਤਾਂ ਗੁਰੂ ਜੀ ਨੇ ਓਸੇ ਥਾਂ ਡੇਰਾ ਕਰ ਦਿੱਤਾ। ਤਿੰਨ ਦਿਨ ਉੱਤਰੇ ਰਹੇ। ਕਈ ਹਜ਼ਾਰ ਜਾਤ੍ਰੀ 'ਕੱਠਾ ਹੋ ਗਿਆ। ਚੌਥੇ ਦਿਨ ਗੁਰੂ ਸਾਹਿਬ ਦੀ ਛਟੀ ਲੈ ਕੇ ਗੁਰੂ ਰਾਮਦਾਸ ਜੀ ਜਮਨਾਂ ਵਿੱਚ ਜਾ ਖੜੇ ਹੋਏ। ਅਸਗਾਹੀ ਜਲ ਚਲਦਾ ਚਲਦਾ ਥਾਹ ਹੋ ਗਿਆ। ਸੰਗਤ ਗਾਹਣ ਲੰਘਣ ਪਈ। ਫੇਰ ਤਾਂ ਮਸੂਲੀਏ ਰੋਣ ਲੱਗੇ ਤੇ ਗੋਲਕਾਂ ਭੰਨ ਤੋੜ ਕੇ ਫਰਿਆਦੀ ਉੱਠ ਦੌੜੇ। ਹਾਕਮ ਨੇ ਪਹਿਲੇ ਹੀ ਗੁਰੂ ਸਾਹਿਬ ਦਾ ਪ੍ਰਤਾਪ ਸੁਣ ਰੱਖਯਾ ਸੀ। ਓਨ੍ਹਾਂ ਆਖਯਾ, "ਜਿਸ ਪੀਰ ਨੂੰ ਦਰਿਆ ਨੇ ਰਾਹ ਦਿੱਤਾ ਹੈ ਓਸ ਤੋਂ ਅਸੀਂ ਮਸੂਲ ਨਹੀਂ ਮੰਗ ਸਕਦੇ। ਓਨ੍ਹਾਂ ਦਾ ਅਦਬ ਤਾਂ ਬਾਦਸ਼ਾਹ ਭੀ ਕਰਦਾ ਹੈ।"

ਗੁਰੂ ਸਾਹਿਬ ਜੀ ਦੀ ਏਹ ਪ੍ਰਤੱਖ ਸ਼ਕਤੀ ਦੇਖ ਸੁਣ ਕੇ ਜਿਤਨੇ ਮਹਾਜਨ ਲੋਕ ਗੰਗਾ ਜੀ ਦੇ ਕੁੰਭ ਪਰ ਆਏ ਹੋਏ ਸੇ, ਸਭ ਗੁਰੂ ਜੀ ਦੇ ਦਰਸ਼ਨ ਨੂੰ ਆਏ। ਏਸ ਗਲੋਂ ਗੁਰੂ ਜੀ ਦਾ ਪ੍ਰਤਾਪ ਦੇਸ਼ ਦੇਸ਼ਾਂਤ੍ਰਾਂ ਵਿੱਚ ਬਹੁਤ ਫੈਲ ਗਿਆ। ਗੰਗਾ ਜੀ ਤੋਂ ਮੁੜਦੇ ਹੋਏ ਗੁਰੂ ਸਾਹਿਬ ਤੋਂ ਮਸੂਲੀਏ ਨੇ ਇਨਾਮ ਮੰਗਿਆ, ਤਾਂ ਓਹੋ ਪੰਜ ਸੌ ਰੁਪਯਾ ਜੋ ਪਹਿਲੇ ਓਨ੍ਹਾਂ ਨਹੀਂ ਲੀਤਾ ਸੀ; ਫੇਰ ਗੁਰੂ ਜੀ ਨੇ ਕ੍ਰਿਪਾ ਕਰ ਕੇ ਦਿਵਾ ਦਿੱਤਾ। ਏਸ ਜਾਤ੍ਰਾ ਦੇ ਬ੍ਰਿਤਾਂਤ ਦਾ ਸ਼ਬਦ ਸ੍ਰੀ ਗੁਰੂ ਰਾਮਦਾਸ ਜੀ ਨੇ ਉਚਾਰਨ ਕੀਤਾ ਹੈ:

ਤੁਖਾਰੀ ਮਹਲਾ ੪ ॥

ਨਾਵਣੁ ਪੁਰਬੁ ਅਭੀਚੁ ਗੁਰ ਸਤਿਗੁਰ ਦਰਸੁ ਭਇਆ ॥
ਦੁਰਮਤਿ ਮੈਲੁ ਹਰੀ ਅਗਿਆਨੁ ਅੰਧੇਰੁ ਗਇਆ ॥
ਗੁਰ ਦਰਸੁ ਪਾਇਆ ਅਗਿਆਨੁ ਗਵਾਇਆ ਅੰਤਰਿ ਜੋਤਿ ਪ੍ਰਗਾਸੀ ॥
ਜਨਮ ਮਰਣ ਦੁਖ ਖਿਨ ਮਹਿ ਬਿਨਸੇ ਹਰਿ ਪਾਇਆ ਪ੍ਰਭੁ ਅਬਿਨਾਸੀ ॥
ਹਰਿ ਆਪਿ ਕਰਤੈ ਪੁਰਬੁ ਕੀਆ ਸਤਿਗੁਰੂ ਕੁਲਖੇਤਿ ਨਾਵਣਿ ਗਇਆ ॥
ਨਾਵਣੁ ਪੁਰਬੁ ਅਭੀਚੁ ਗੁਰ ਸਤਿਗੁਰ ਦਰਸੁ ਭਇਆ ॥੧॥
ਮਾਰਗਿ ਪੰਥਿ ਚਲੇ ਗੁਰ ਸਤਿਗੁਰ ਸੰਗਿ ਸਿਖਾ ॥
ਅਨਦਿਨੁ ਭਗਤਿ ਬਣੀ ਖਿਨੁ ਖਿਨੁ ਨਿਮਖ ਵਿਖਾ ॥
ਹਰਿ ਹਰਿ ਭਗਤਿ ਬਣੀ ਪ੍ਰਭ ਕੇਰੀ ਸਭੁ ਲੋਕੁ ਵੇਖਣਿ ਆਇਆ ॥
ਜਿਨ ਦਰਸੁ ਸਤਿਗੁਰ ਗੁਰੂ ਕੀਆ ਤਿਨ ਆਪਿ ਹਰਿ ਮੇਲਾਇਆ ॥
ਤੀਰਥ ਉਦਮੁ ਸਤਿਗੁਰੂ ਕੀਆ ਸਭ ਲੋਕ ਉਧਰਣ ਅਰਥਾ ॥
ਮਾਰਗਿ ਪੰਥਿ ਚਲੇ ਗੁਰ ਸਤਿਗੁਰ ਸੰਗਿ ਸਿਖਾ ॥੨॥
ਪ੍ਰਥਮ ਆਏ ਕੁਲਖੇਤਿ ਗੁਰ ਸਤਿਗੁਰ ਪੁਰਬੁ ਹੋਆ ॥

ਖਬਰਿ ਭਈ ਸੰਸਾਰਿ ਆਏ ਤ੍ਰੈ ਲੋਆ ॥
ਦੇਖਣਿ ਆਏ ਤੀਨਿ ਲੋਕ ਸੁਰਿ ਨਰ ਮੁਨਿ ਜਨ ਸਭਿ ਆਇਆ ॥
ਜਿਨ ਪਰਸਿਆ ਗੁਰੁ ਸਤਿਗੁਰੂ ਪੂਰਾ
ਤਿਨ ਕੇ ਕਿਲਵਿਖ ਨਾਸ ਗਵਾਇਆ ॥
ਜੋਗੀ ਦਿਗੰਬਰ ਸੰਨਿਆਸੀ ਖਟੁ ਦਰਸਨ
ਕਰਿ ਗਏ ਗੋਸਟਿ ਢੋਆ ॥
ਪ੍ਰਥਮ ਆਏ ਕੁਲਖੇਤਿ ਗੁਰ ਸਤਿਗੁਰ ਪੁਰਬੁ ਹੋਆ ॥੩॥
ਦੁਤੀਆ ਜਮੁਨ ਗਏ ਗੁਰਿ ਹਰਿ ਹਰਿ ਜਪਨੁ ਕੀਆ ॥
ਜਾਗਾਤੀ ਮਿਲੇ ਦੇ ਭੇਟ ਗੁਰ ਪਿਛੈ ਲੰਘਾਇ ਦੀਆ ॥
ਸਭ ਛੁਟੀ ਸਤਿਗੁਰੂ ਪਿਛੈ ਜਿਨਿ ਹਰਿ ਹਰਿ ਨਾਮੁ ਧਿਆਇਆ ॥
ਗੁਰ ਬਚਨਿ ਮਾਰਗਿ ਜੋ ਪੰਥਿ ਚਾਲੇ
ਤਿਨ ਜਮੁ ਜਾਗਾਤੀ ਨੇੜਿ ਨ ਆਇਆ ॥
ਸਭ ਗੁਰੂ ਗੁਰੂ ਜਗਤੁ ਬੋਲੈ
ਗੁਰ ਕੈ ਨਾਇ ਲਇਐ ਸਭਿ ਛੁਟਕਿ ਗਇਆ ॥
ਦੁਤੀਆ ਜਮੁਨ ਗਏ ਗੁਰਿ ਹਰਿ ਹਰਿ ਜਪਨੁ ਕੀਆ ॥੪॥
ਤ੍ਰਿਤੀਆ ਆਏ ਸੁਰਸਰੀ ਤਹ ਕਉਤਕੁ ਚਲਤੁ ਭਇਆ ॥
ਸਭ ਮੋਹੀ ਦੇਖਿ ਦਰਸਨੁ ਗੁਰ ਸੰਤ ਕਿਨੈ ਆਢੁ ਨ ਦਾਮੁ ਲਇਆ ॥
ਆਢੁ ਦਾਮੁ ਕਿਛੁ ਪਇਆ ਨ ਬੋਲਕ ਜਾਗਾਤੀਆ ਮੋਹਣ ਮੁੰਦਣਿ ਪਈ ॥
ਭਾਈ ਹਮ ਕਰਹ ਕਿਆ ਕਿਸੁ ਪਾਸਿ ਮਾਂਗਹ
ਸਭ ਭਾਗਿ ਸਤਿਗੁਰ ਪਿਛੈ ਪਈ ॥
ਜਾਗਾਤੀਆ ਉਪਾਵ ਸਿਆਣਪ ਕਰਿ ਵੀਚਾਰੁ ਡਿਠਾ
ਭੰਨਿ ਬੋਲਕਾ ਸਭਿ ਉਠਿ ਗਇਆ ॥
ਤ੍ਰਿਤੀਆ ਆਏ ਸੁਰਸਰੀ ਤਹ ਕਉਤਕੁ ਚਲਤੁ ਭਇਆ ॥੫॥
ਮਿਲਿ ਆਏ ਨਗਰ ਮਹਾ ਜਨਾ ਗੁਰ ਸਤਿਗੁਰ ਓਟ ਗਹੀ ॥
ਗੁਰੁ ਸਤਿਗੁਰੁ ਗੁਰੁ ਗੋਵਿਦੁ ਪੁਛਿ ਸਿਮ੍ਰਿਤਿ ਕੀਤਾ ਸਹੀ ॥
ਸਿਮ੍ਰਿਤਿ ਸਾਸਤ੍ਰ ਸਭਨੀ ਸਹੀ ਕੀਤਾ
ਸੁਕਿ ਪ੍ਰਹਿਲਾਦਿ ਸ੍ਰੀਰਾਮਿ ਕਰਿ ਗੁਰ ਗੋਵਿਦੁ ਧਿਆਇਆ ॥
ਦੇਹੀ ਨਗਰਿ ਕੋਟਿ ਪੰਚ ਚੋਰ ਵਟਵਾਰੇ
ਤਿਨ ਕਾ ਥਾਉ ਥੇਹੁ ਗਵਾਇਆ ॥
ਕੀਰਤਨ ਪੁਰਾਣ ਨਿਤ ਪੁੰਨ ਹੋਵਹਿ
ਗੁਰ ਬਚਨਿ ਨਾਨਕਿ ਹਰਿ ਭਗਤਿ ਲਹੀ ॥
ਮਿਲਿ ਆਏ ਨਗਰ ਮਹਾ ਜਨਾ
ਗੁਰ ਸਤਿਗੁਰ ਓਟ ਗਹੀ ॥੬॥੪॥੧੦॥

(ਤੁਖਾਰੀ, ਮਃ ੪ – ੧੧੧੬/੧੭)

ਮਰਵਾਹੇ ਖੱਤ੍ਰੀਆਂ ਦੇ ਤਪੇ ਦਾ ਝੇੜਾ

ਸ਼ਰੀਕ ਦਾ ਪ੍ਰਤਾਪ ਵਧਦਾ ਦੇਖ ਕੇ ਸ਼ਰੀਕ ਭਾਈ ਰਾਜ਼ੀ ਨਹੀਂ ਹੁੰਦਾ। ਏਸੇ ਵਾਸਤੇ ਕੁਟੰਬੀ ਤੇ ਜਾਤਿ ਭਾਈ ਸੰਤਾਂ, ਭਗਤਾਂ, ਅਵਤਾਰਾਂ ਤੋਂ ਕਦੇ ਨਹੀਂ ਵਰੋਸਾਏ। ਗੁਰੂ ਅਮਰਦਾਸ ਜੀ ਦਾ ਮਾਨ ਤੇ ਪ੍ਰਤਾਪ ਦੇਖ ਕੇ ਗੋਇੰਦਵਾਲ ਦੇ ਖਤ੍ਰੀ ਸਹਿ ਨਾ ਸਕੇ। ਕੁਛ ਤਾਂ ਜਾਤਿ ਤੇ ਭਾਈ ਪੁਣੇ ਦਾ ਸ਼ਰੀਕਾ ਕਰਨ, ਤੇ ਕੁਛ ਓਹ ਸੁਲਤਾਨੀਏਂ ਸ਼ੇਖਾਂ ਦੇ ਮੰਗਣ ਵਾਲੇ ਸੇ; ਏਸ ਕਰ ਕੇ ਗੁਰੂ ਅਤੇ ਗੁਰੂ ਜੀ ਦੇ ਸਿੱਖਾਂ ਨਾਲ ਵਿਰੋਧ ਰੱਖਣ ਲੱਗੇ। ਖੂਹ ਉੱਤੇ ਜਦ ਸਿੱਖ ਪਾਣੀ ਲੈਣ ਜਾਣ ਤਾਂ ਓਨ੍ਹਾਂ ਦੇ ਮੁੰਡੇ ਗੁਲੇਲੇ ਮਾਰ ਕੇ ਸਿੱਖਾਂ ਦੇ ਘੜੇ ਭੰਨ ਦੇਣ। ਸਿੱਖਾਂ ਦੇ ਰਪੋਟ ਕਰਨੇ ਪਰ ਗੁਰੂ ਜੀ ਨੇ ਮਸ਼ਕਾਂ ਬਣਵਾ ਦਿੱਤੀਆਂ ਤੇ ਓਨ੍ਹਾਂ ਨੂੰ ਕੁਛ ਨਾ ਆਖਿਆ। ਫੇਰ ਓਹ ਦੁਸ਼ਟ ਤੀਰਾਂ ਨਾਲ ਮਸ਼ਕਾਂ ਪਾੜਨ ਲੱਗੇ ਤਾਂ ਗੁਰੂ ਜੀ ਨੇ ਗਾਗਰਾਂ ਬਣਵਾ ਦਿੱਤੀਆਂ ਤੇ ਓਨ੍ਹਾਂ ਨੂੰ ਫੇਰ ਬੀ ਕੁਛ ਨਾ ਆਖਿਆ। ਫੇਰ ਜਦ ਓਹ ਇੱਟਾਂ ਵੱਟੇ ਮਾਰ ਕੇ ਗਾਗਰਾਂ ਭੰਨਣ ਲੱਗੇ {ਬਾਉਲੀ ਲਵਾਉਣ ਦਾ ਕਾਰਣ} ਤਾਂ ਗੁਰੂ ਜੀ ਨੇ ਚੇਤ ਸੰਮਤ ੧੬੧੬ ਬਿਕ੍ਰਮੀ ਨੂੰ ਬਾਉਲੀ ਦਾ ਅਰੰਭ ਕਰ ਦਿੱਤਾ। ਪਰ ਖਤ੍ਰੀ ਬਾਉਲੀ ਨਾ ਲੱਗਣ ਦੇਣ। ਆਖਣ "ਤੁਸੀਂ ਖੂਹ ਲਵਾ ਕੇ ਦਾਵੇਦਾਰ ਬਣ ਬੈਠੋਗੇ।" ਪਰੰਤੂ ਜਦ ਸਿੱਖ ਹਟਾਏ ਨਾ ਹਟੇ ਤਾਂ ਗੋਇੰਦੇ ਆਦਿਕ ਖਤ੍ਰੀਆਂ ਨੇ ਲਾਹੌਰ ਜਾ ਕੇ ਅਰਜ਼ੀ ਦੇ ਦਿੱਤੀ ਤੇ ਬਹੁਤ ਕੁਛ ਮਨ ਆਈਆਂ ਝੂਠੀਆਂ ਗੱਲਾਂ ਓਸ ਵਿੱਚ ਲਿਖੀਆਂ।

ਏਥੇ ਇੱਕ ਤਪਾ ਨਾਮੇ ਬਿਪ੍ਰ ਓਨ੍ਹਾਂ ਮਰਵਾਹੇ ਖਤ੍ਰੀਆਂ ਦਾ ਗੁਰੂ ਬਣਿਆਂ ਹੋਇਆ ਸੀ, ਓਹ ਭੀ ਈਰਖਾ ਅਗਨੀ ਵਿੱਚ ਸੜ ਕੇ ਗੁਰੂ ਜੀ ਦਾ ਨਿੰਦਕ ਹੋ ਗਿਆ। ਲੋਕਾਂ ਨੂੰ ਆਖਣ ਲਗਾ, "ਕੇਡੇ ਅਨਰਥ ਦੀ ਗੱਲ ਹੈ ਕਿ ਏਹ ਗੁਰੂ ਖੱਤ੍ਰੀ ਹੋ ਕੇ ਲੋਕਾਂ ਤੋਂ ਮੱਥਾ ਟਿਕਾਉਂਦਾ ਹੈ ਤੇ ਪੂਜਾ ਲੈਂਦਾ ਹੈ। ਅਤੇ ਏਹ ਤਾਂ ਨਾਸਤਕ ਹੈ ਜੋ ਕਿਸੇ ਦੇਵੀ ਦੇਵਤਾ ਪੀਰ ਫ਼ਕੀਰ ਦੇ ਮਕਾਨ ਨੂੰ ਨਹੀਂ ਮੰਨਦਾ।" ਇਸ ਪ੍ਰਕਾਰ ਗੁਰੂ ਜੀ ਦੀ ਨਿੰਦਾ ਕਰਦਾ ਤੇ ਆਪ ਲੋਕਾਂ ਨੂੰ ਝੂਠੇ ਜੰਤ੍ਰ, ਮੰਤ੍ਰ, ਧਾਗੇ, ਤਵੀਤ ਕਰ ਦਿੰਦਾ ਰਹਿੰਦਾ, ਜਿਸ ਕਰ ਕੇ ਭਰਮ ਵਿੱਚ ਫਸੇ ਹੋਏ ਲੋਕ ਓਸ ਦਾ ਅਦਬ ਰੱਖਦੇ। ਸੰਮਤ ੧੬੧੭ ਬਿਕ੍ਰਮੀ ਨੂੰ ਖੱਤ੍ਰੀਆਂ ਦੀ ਅਰਜ਼ੀ ਜਾਣੇ ਪਰ ਲਾਹੌਰ ਦੇ ਸੂਬੇ ਜਾਫ਼ਰ ਬੇਗ ਨੇ ਗੁਰੂ ਸਾਹਿਬ ਜੀ ਨੂੰ ਲਾਹੌਰ ਬੁਲਾਇਆ। ਆਪ ਤਾਂ ਗੁਰੂ ਜੀ ਨਾ ਗਏ ਪਰ ਭਾਈ ਜੱਗਾ, ਕਿਦਾਰੀ, ਬੂਲਾ ਤੇ ਬਾਬਾ ਬੁੱਢਾ ਆਦਿਕ ਪੰਜ ਸਿੱਖ ਨਾਲ ਦੇ ਕੇ ਗੁਰੂ ਰਾਮਦਾਸ ਜੀ ਨੂੰ (ਜਿਨ੍ਹਾਂ ਉੱਪਰ ਗੁਰੂ ਜੀ ਦੀ ਬਹੁਤ ਕ੍ਰਿਪਾ ਸੀ) ਭੇਜ ਦਿੱਤਾ। ਏਨ੍ਹਾਂ ਨੇ ਹਾਕਮ ਦੇ ਰੋਬਰੂ ਦੁਸ਼ਮਣਾਂ ਦੇ ਦੰਦ ਭੰਨਣ ਵਾਸਤੇ ਐਸੇ ਜਵਾਬ ਦਿੱਤੇ ਜਿਸ ਤੋਂ ਹਾਕਮ ਨੇ ਗੁਰੂ ਜੀ ਨੂੰ ਸੱਚੇ ਤੇ ਓਨ੍ਹਾਂ ਨੂੰ ਝੂਠੇ ਜਾਣ ਕੇ ਹੁਕਮ ਦਿੱਤਾ ਕਿ ਏਸ ਝਗੜੇ ਦਾ ਨਬੇੜਾ ਮੈਂ ਗੋਇੰਦਵਾਲ ਆ ਕੇ ਕਰਾਂਗਾ।

ਜਦ ਹਾਕਮ ਦੇਸ ਦਾ ਦੌਰਾ ਕਰਦਾ ਹੋਯਾ ਗੋਇੰਦਵਾਲ ਆਯਾ ਤਾਂ ਗੁਰੂ ਦੇ ਲੰਗਰ ਤੋਂ ਸੈਂਕੜੇ ਗ਼ਰੀਬ ਗ਼ੁਰਬੇ ਪਰਵਰਸ਼ ਪਾਉਂਦੇ ਦੇਖ ਕੇ ਤੇ ਦਰਸ਼ਨ ਕਰ ਕੇ ਬੜਾ ਖ਼ੁਸ਼ੀ ਹੋਯਾ। ਪਟੜੀ ਫੇਰ ਦੇ ਪੈਂਚਾਂ ਤੋਂ ਗਵਾਹੀ ਪੁੱਛੀ ਤਾਂ ਓਨ੍ਹਾਂ ਸਭ ਸੱਚਾ ਸੱਚਾ ਹਾਲ; ਜਿਕੂੰ ਗੋਇੰਦੇ ਨੇ ਗੁਰੂ ਜੀ ਦੀ ਸਹਾਇਤਾ ਨਾਲ ਨਗਰ ਵਸਾਜਾ ਤੇ ਗੁਰੂ ਜੀ ਨੂੰ ਅੱਧੇ ਪਿੰਡ ਦੀ ਮਲਕੀਅਤ ਦੇ ਕੇ ਅਰਦਾਸ ਕਰਵਾਈ ਸੀ ਅਤੇ ਜਿਸ ਤਰ੍ਹਾਂ ਗੁਰੂ ਜੀ ਦੀ ਕ੍ਰਿਪਾ ਨਾਲ ਏਹ ਪਿੰਡ ਬਹੁਤ ਸ਼ੀਘਰ ਰੌਣਕ ਵਾਲਾ ਹੋਯਾ, ਓਹ ਸਭ ਲਿਖਵਾ ਦਿੱਤਾ। ਏਹ ਸੁਣ ਕੇ ਹਾਕਮ ਨੇ ਗੋਇੰਦੇ ਦਾ ਦਾਵਾ ਖਾਰਜ ਕਰ ਦਿੱਤਾ। ਫੇਰ ਤਪੇ ਦੇ ਚੁੱਕੇ ਹੋਏ ਖੱਤ੍ਰੀਆਂ ਨੇ ਦਿੱਲੀ ਅਪੀਲ ਜਾ ਕੀਤੀ ਓਥੋਂ ਭੀ ਖਾਰਜ ਹੋਈ ਤਾਂ ਕਾਲੇ ਚੋਲੇ ਪਾ ਕੇ; ਜੋ ਓਦੋਂ ਫਰਿਆਦ ਕਰਨ ਵਾਲਿਆਂ ਦਾ ਰਿਵਾਜ ਸੀ, ਬਾਦਸ਼ਾਹ ਦੀ ਅਸਵਾਰੀ ਅੱਗੇ ਜਾ ਪਏ। ਪਰ ਓਥੋਂ ਭੀ ਸੱਚ ਸੱਚ ਹੀ ਰਿਹਾ ਤਾਂ ਬਹੁਤ ਸ਼ਰਮਿੰਦੇ ਹੋਏ ਤੇ ਗੋਇੰਦਾ ਆਪਣੇ ਨੌਕਰਾਂ ਸਣੇ ਖੂਹ ਉੱਪਰ ਖੇਤ ਵਿੱਚ ਬੈਠ ਰਿਹਾ ਕਿ ਹੁਣ ਪਿੰਡ ਨਹੀਂ ਵੜਨਾ। ਏਥੇ ਹੀ ਘਰ ਪਾ ਕੇ ਵੱਸਾਂਗਾ। ਓੜਕ ਵਹੁਟੀ ਭਤੀਜਿਆਂ ਨੇ ਓਸ ਨੂੰ ਘਰ ਆਂਦਾ ਤੇ ਓਹ ਅੰਦਰ ਪੈ ਕੇ ਹੀ ਸ਼ਰਮਿੰਦਗੀ ਦਾ ਮਾਰਿਆ ਮਰ ਗਿਆ।

ਗੁਰੂ ਅਮਰਦਾਸ ਜੀ ਹਰ ਸਾਲ {ਤਪੇ ਦਾ ਲੋਭ} ਇੱਕ ਜੱਗ ਮਾਲ੍ਹ ਪੂੜਿਆਂ ਦਾ ਕਰਾਉਂਦੇ ਹੁੰਦੇ ਸੇ। ਪਹਿਲੇ ਤਾਂ ਤਪੇ ਸਮੇਤ ਸਭ ਬ੍ਰਾਹਮਣ ਤੇ ਖਤ੍ਰੀਆਂ ਦੇ ਮੁੰਡੇ ਕੁੜੀਆਂ ਜੱਗ ਵਿੱਚ ਭੋਜਨ ਛਕਦੇ ਹੁੰਦੇ ਸੇ। ਹੁਣ ਤਪੇ ਨੂੰ ਤੇ ਖਤ੍ਰੀਆਂ ਨੂੰ ਜੋ ਲ੍ਹਾਣ ਤ੍ਰਾਣ ਹੋਈ ਓਸ ਸ਼ਰਮ ਦੇ ਮਾਰੇ ਤਪੇ ਨੇ ਪੈਚਾਂ ਦੇ ਕਹੇ ਭੀ ਨੇਉਤਾ ਨਾ ਮੰਨਿਆਂ। ਗੁਰੂ ਜੀ ਨੇ ਓਸ ਦਾ ਸੰਤੋਖ ਦੇਖਣ ਵਾਸਤੇ ਇੱਕ ਇੱਕ ਬੁਧਕੀ (ਜੋ ਪੰਜ ਰੁਪਏ ਦੀ ਹੁੰਦੀ ਹੈ) ਦੱਛਣਾ ਦੇਣ ਦਾ ਹੁਕਮ ਦਿੱਤਾ। ਤਦ ਤਪੇ ਨੇ ਲੋਭ ਲਹਿਰ ਵਿੱਚ ਆ ਕੇ ਆਪਣੇ ਪੁੱਤ੍ਰ ਨੂੰ ਡੇਉਢੀ ਵਿੱਚ ਦੀ ਤਾਂ ਨਾ ਲੰਘਾਯਾ ਪਰ ਕੰਧ ਟਪਾ ਕੇ ਜੱਗ ਵਿੱਚ ਜਾ ਬਿਠਾਇਆ, ਜਿਸ ਕਰ ਕੇ ਓਸ ਦੀ ਟੰਗ ਟੁੱਟ ਗਈ। ਤਾਂ ਸਭ ਲੋਗ ਹੱਸਣ ਲੱਗੇ। ਏਹ ਸਾਰੀ ਕਥਾ ਗੌੜੀ ਦੀ ਵਾਰ ਵਿੱਚ ਸ਼ਬਦ ਦੁਆਰਾ ਲਿਖੀ ਹੋਈ ਹੈ:

ਸਲੋਕ ਮਃ ੪ ॥

ਤਪਾ ਨ ਹੋਵੈ ਅੰਦ੍ਰਹੁ ਲੋਭੀ ਨਿਤ ਮਾਇਆ ਨੋ ਫਿਰੈ ਜਜਮਾਲਿਆ ॥
ਅਗੋ ਦੇ ਸਦਿਆ ਸਤੈ ਦੀ ਭਿਖਿਆ ਲਏ ਨਾਹੀ
ਪਿਛੋ ਦੇ ਪਛੁਤਾਇ ਕੈ ਆਣਿ ਤਪੈ ਪੁਤੁ ਵਿਚਿ ਬਹਾਲਿਆ ॥
ਪੰਚ ਲੋਗ ਸਭਿ ਹਸਣ ਲਗੇ ਤਪਾ ਲੋਭਿ ਲਹਰਿ ਹੈ ਗਾਲਿਆ ॥
ਜਿਥੈ ਥੋੜਾ ਧਨੁ ਵੇਖੈ ਤਿਥੈ ਤਪਾ ਭਿਟੈ ਨਾਹੀ
ਧਨਿ ਬਹੁਤੈ ਡਿਠੈ ਤਪੈ ਧਰਮੁ ਹਾਰਿਆ ॥
ਭਾਈ ਏਹੁ ਤਪਾ ਨ ਹੋਵੀ ਬਗੁਲਾ ਹੈ
ਬਹਿ ਸਾਧ ਜਨਾ ਵੀਚਾਰਿਆ ॥
ਸਤ ਪੁਰਖ ਕੀ ਤਪਾ ਨਿੰਦਾ ਕਰੈ ਸੰਸਾਰੈ ਕੀ ਉਸਤਤੀ ਵਿਚਿ ਹੋਵੈ
ਏਤੁ ਦੋਖੈ ਤਪਾ ਦਯਿ ਮਾਰਿਆ ॥
ਮਹਾ ਪੁਰਖਾਂ ਕੀ ਨਿੰਦਾ ਕਾ ਵੇਖੁ ਜਿ ਤਪੇ ਨੋ ਫਲੁ ਲਗਾ
ਸਭੁ ਗਇਆ ਤਪੇ ਕਾ ਘਾਲਿਆ ॥
ਬਾਹਰਿ ਬਹੈ ਪੰਚਾ ਵਿਚਿ ਤਪਾ ਸਦਾਏ ॥
ਅੰਦਰਿ ਬਹੈ ਤਪਾ ਪਾਪ ਕਮਾਏ ॥
ਹਰਿ ਅੰਦਰਲਾ ਪਾਪੁ ਪੰਚਾ ਨੋ ਉਘਾ ਕਰਿ ਵੇਖਾਲਿਆ ॥
ਧਰਮ ਰਾਇ ਜਮਕੰਕਰਾ ਨੋ ਆਖਿ ਛਡਿਆ
ਏਸੁ ਤਪੇ ਨੋ ਤਿਥੈ ਖੜਿ ਪਾਇਹੁ ਜਿਥੈ ਮਹਾ ਮਹਾਂ ਹਤਿਆਰਿਆ ॥
ਫਿਰਿ ਏਸੁ ਤਪੇ ਦੈ ਮੁਹਿ ਕੋਈ ਲਗਹੁ ਨਾਹੀ
ਏਹੁ ਸਤਿਗੁਰਿ ਹੈ ਫਿਟਕਾਰਿਆ ॥
ਹਰਿ ਕੈ ਦਰਿ ਵਰਤਿਆ ਸੁ ਨਾਨਕਿ ਆਖਿ ਸੁਣਾਇਆ ॥
ਸੋ ਬੂਝੈ ਜੁ ਦਯਿ ਸਵਾਰਿਆ ॥੧॥

(ਗਉੜੀ ਵਾਰ-੧, ਮਃ ੪ - ੩੧੫/੧੬)

ਬਾਦੀਆਂ ਨੂੰ ਸਜ਼ਾ

ਮਰਵਾਹੇ ਖੱਤ੍ਰੀ ਤੇ ਸ਼ੇਖ ਜੋ ਗੋਇੰਦਵਾਲ ਬਸਦੇ ਸੇ, ਭਾਵੇਂ ਓਹ ਝਗੜਾ ਕਰ ਕੇ ਹਾਰ ਗਏ ਪਰ ਵਾਦ ਵਿਵਾਦ ਨਾ ਛੱਡਿਆ। ਮੁੰਡੇ ਓਨ੍ਹਾਂ ਦੇ ਪਹਿਲੇ ਤਾਂ ਘੜਿਆਂ ਤੇ ਗਾਗਰਾਂ ਨੂੰ ਹੀ ਤੋੜਦੇ ਫੋੜਦੇ ਸੇ। ਫੇਰ ਸਿੱਖਾਂ ਸਾਧਾਂ ਨੂੰ ਗੁਲੇਲੇ ਮਾਰਨ ਲੱਗ ਪਏ, ਤੇ ਗੁਰੂ ਸਾਹਿਬ ਕਿਸੇ ਸਿੱਖ ਨੂੰ ਅੱਗੋਂ ਹੱਥ ਖੜਾ ਨਾ ਕਰਨ ਦੇਣ। ਏਹੋ ਆਖਣ: ‘ਨਿਰਵੈਰਾਂ ਨਾਲ ਜੋ ਵੈਰ ਰਚਾਏ, ਤਿਸ ਗੁਰੂ ਪ੍ਰਮੇਸਰ ਮਾਰੇ।’

ਓੜਕ ਏਹੋ ਬਚਨ ਸਫ਼ਲਾ {ਸ਼ੇਖਾਂ ਨੂੰ ਕਰਨੀ ਦਾ ਫਲ} ਹੋਯਾ। ਓਸ ਸਮੇਂ ਜੋ ਸ਼ਸਤ੍ਰਧਾਰੀ ਗੁਸਾਈਂ, ਬੈਰਾਗੀ, ਫ਼ਕੀਰਾਂ ਦੀਆਂ ਜਮਾਤਾਂ ਪੰਜ ਪੰਜ ਸੌ ਹਜ਼ਾਰ ਦੀਆਂ ਫਿਰਿਆ ਕਰਦੀਆਂ ਸਨ; ਹਾਥੀ, ਘੋੜੇ, ਊਠ, ਬੰਦੂਕਾਂ, ਰਹਿਕਲੇ ਓਹਨਾਂ ਦੇ ਨਾਲ ਹੁੰਦੇ ਸੇ, ਸੰਮਤ ੧੬੧੯ ਬਿਕ੍ਰਮੀ ਨੂੰ ਗੁਸਾਈਆਂ ਦਾ ਅਖਾੜਾ ਗੋਇੰਦਵਾਲ ਆ ਉਤਰਿਆ। ਗੁਰੂ ਜੀ ਨੇ ਸੰਤ ਜਾਣ ਕੇ ਰਸਦ ਦਿੱਤੀ। ਖੱਤਰੀਆਂ ਦੇ ਮੁੰਡੇ ਸਿੱਖਾਂ ਨੂੰ ਗੁਲੇਲੇ ਮਾਰਨ ਸਿੱਖੇ ਹੋਏ, ਓਹਨਾਂ ਨੂੰ ਭੀ ਗੁਲੇਲੇ ਮਾਰਨ ਲੱਗੇ। ਇੱਕ ਗੁਲੇਲਾ ਕੁਦਰਤ ਨਾਲ ਮਹੰਤ ਦੀ ਅੱਖ ਵਿੱਚ ਜਾ ਲੱਗਾ। ਫ਼ਕੀਰਾਂ ਨੇ ਹੱਲਾ ਕਰ ਕੇ ਕਈ ਮੁੰਡੇ ਖੱਤ੍ਰੀਆਂ ਤੇ ਸ਼ੇਖਾਂ ਦੇ ਮਾਰ ਸੁੱਟੇ। ਘਰ ਲੁੱਟ ਲਏ। ਛੀ ਸੱਤ ਮਹੀਨੇ ਪਿੱਛੋਂ ਸ਼ਾਹੀ ਲਸ਼ਕਰ ਆਯਾ ਤਾਂ ਅਜੇਹੀ ਅੰਧੇਰੀ ਤੇ ਬਰਖਾ ਆਈ, ਜੋ ਲਸ਼ਕਰ ਬਿਚਲ ਗਿਆ। ਖੱਤਰੀ ਸ਼ੇਖ ਜੋ ਸਿੱਖਾਂ ਦੀ ਚੋਰੀ ਕਰਨ ਸਿੱਖੇ ਹੋਏ ਸੇ, ਇੱਕ ਦੋ ਖੱਚਰਾਂ ਲੱਦੀਆਂ ਹੋਈਆਂ ਦੌਲਤ ਦੀਆਂ ਘਰ ਲੈ ਵੜੇ। ਅਮਨ ਚੈਨ ਹੋਏ ਤੋਂ ਤਲਾਸ਼ੀ ਲੈਣ ਲੱਗੇ ਤਾਂ ਓਨ੍ਹਾਂ ਦੇ ਅੰਦਰ ਲਕੋਈ ਹੋਈ ਖੱਚਰ ਬੋਲ ਪਈ। ਫੌਜਦਾਰ ਨੇ ਲੁੱਟ ਲੈਣ ਦਾ ਹੁਕਮ ਦਿੱਤਾ ਤਾਂ ਫੌਜ ਓਨ੍ਹਾਂ ਦੇ ਘਰੀਂ ਜਾ ਵੜੀ। ਲੁੱਟ ਪੁੱਟ ਮਾਰ ਕੁੱਟ ਕੇ ਬਰਬਾਦ ਕਰ ਦਿੱਤੋ। ਓਥੋਂ ਦੇ ਉੱਜੜੇ ਹੋਏ ਕੁਛ ਤਾਂ ਮਰਵਾਹੇ ਖੱਤ੍ਰੀ ਹੁਣ ਫਤਿਆਬਾਦ ਹਨ ਤੇ ਕੁਛ ਘੁਰਾਣੀ ਖਰੋੜੀ ਬਸਦੇ ਹਨ।

ਬਾਉਲੀ ਦਾ ਤਿਆਰ ਹੋਣਾ

ਗੁਰੂ ਅਮਰਦਾਸ ਜੀ ਨੇ ਬਹੁਤ ਚੰਗੀ ਬਾਉਲੀ ਬਣਵਾਈ ਤੇ ੮੪ ਪੌੜੀਆਂ ਏਸ ਕਰ ਕੇ ਬਣਵਾਈਆਂ ਕਿ ਜੋ ਗੁਰੂ ਕਾ ਸਿੱਖ ਪ੍ਰਤੇਕ ਪੌੜੀ ਉੱਪਰ ਬੈਠ ਕੇ ਜਪੁਜੀ ਸਾਹਿਬ ਦਾ ਪਾਠ ੮੪ ਵਾਰੀ ਇਸ਼ਨਾਨ ਕਰ ਕੇ ਕਰੇਗਾ, ਓਸ ਦੀ ਚੁਰਾਸੀ ਲੱਖ ਜੋਨੀ ਕੱਟੀ ਜਾਵੇਗੀ। ਏਥੇ ਗੁਰੂ ਜੀ ਦੇ ਅਨੇਕ ਸਿੱਖ ਓਸ ਬਿਧਿ ਨਾਲ ਇਸ਼ਨਾਨ ਤੇ ਜਪੁਜੀ ਸਾਹਿਬ ਦੇ ਪਾਠ ਕਰਦੇ ਰਹਿੰਦੇ ਹਨ।

ਏਸ ਬਾਉਲੀ ਦਾ ਆਰੰਭ ੧੬੧੬ ਬਿਕ੍ਰਮੀ ਨੂੰ ਹੋਯਾ ਤੇ ਸੱਤ ਬਰਸ ਬਣਦੀ ਰਹੀ। ਕੜ ਅਜੇਹਾ {ਬਾਉਲੀ ਦਾ ਕੜ ਅਤੇ ਚਿਤੌੜ ਦਾ ਗੜ੍ਹ} ਅੜਿਆ ਜੋ ਟੁੱਟਣ ਵਿੱਚ ਨਾ ਆਵੇ। ਓਦੋਂ ਹੀ ਅਕਬਰ ਸ਼ਾਹ ਦੀ ਲੜਾਈ ਜੈਮਲ ਫਤੇ ਨਾਲ ਚਤੌੜ ਗੜ੍ਹ ਪਰ ਹੁੰਦੀ ਨੂੰ ਕਈ ਬਰਸ ਬੀਤ ਗਏ ਸੇ। ਕਿਲ੍ਹਾ ਟੁੱਟਦਾ ਨਹੀਂ ਸੀ। ਤਾਹਰ ਬੇਗ ਖਾਂ ਸੂਬੇ ਲਾਹੌਰ ਤੇ ਟੋਡਰ ਮੱਲ ਖਤ੍ਰੀ ਦੀਵਾਨ ਨੇ ਹੱਥ ਜੋੜ ਕੇ ਅਰਜ਼ ਕੀਤੀ ਕਿ ਗੁਰੂ ਨਾਨਕ ਜੀ ਦੀ ਗੱਦੀ ਉੱਪਰ ਹੁਣ ਗੁਰੂ ਅਮਰਦਾਸ ਜੀ ਹਨ। ਓਨ੍ਹਾਂ ਦੀ ਮੰਨਤ ਕਰੋ ਤਾਂ ਭਰੋਸਾ ਹੈ ਕਿਲ੍ਹਾ ਫਤੇ ਹੋ ਜਾਵੇਗਾ। ਬਾਦਸ਼ਾਹ ਨੇ ਮੰਨਤ ਕੀਤੀ ਅਤੇ ਤਾਹਰ ਬੇਗ ਖਾਂ ਨੇ ਗੁਰੂ ਅਮਰਦਾਸ ਜੀ ਪਾਸ ਆ ਕੇ ਅਰਜ਼ ਕੀਤੀ ਤਾਂ ਗੁਰੂ ਸਾਹਿਬ ਜੀ ਨੇ ਸਹਿਜ ਸੁਭਾਵ ਬਚਨ ਕੀਤਾ, "ਜਦ ਸਾਡੀ ਬਾਉਲੀ ਦਾ ਕੜ ਟੁੱਟੇਗਾ ਤਾਂ ਚਤੌੜ ਗੜ੍ਹ ਟੁੱਟੇਗਾ।" ਨਾਜ਼ਮ ਨੇ ਓਸੇ ਵਕਤ ਲਾਹੌਰ ਤੋਂ ਕਾਰੀਗਰ ਬੁਲਾ ਕੇ ਕੜ ਤੋੜਨ ਲਾ ਦਿੱਤੇ। ਚੌਥੇ ਦਿਨ ੨੩ ਚੇਤ ਸੰਮਤ ੧੬੨੧ ਬਿਕ੍ਰਮੀ ਨੂੰ ਜਿਸ ਵੇਲੇ ਏਧਰ ਬਾਉਲੀ ਦਾ ਕੜ ਟੁੱਟਿਆ ਓਸੇ ਘੜੀ ਚਤੌੜ ਦਾ ਕਿਲ੍ਹਾ ਫਤੇ ਹੋਯਾ। ਬਾਦਸ਼ਾਹ ਇਹ ਸੁਣ ਕੇ ਬਹੁਤ ਖ਼ੁਸ਼ੀ ਹੋਯਾ ਤੇ ਗੁਰੂ ਜੀ ਨੂੰ ਨਜ਼ਰ ਭੇਟ ਬਹੁਤ ਕੁਛ ਦਿੱਤਾ।

ਅਕਬਰ ਬਾਦਸ਼ਾਹ ਦਾ ਗੁਰੂ ਜੀ ਪਾਸ ਆਉਣਾ

ਸੰਮਤ ੧੬੨੨ ਬਿਕ੍ਰਮੀ ਨੂੰ ਅਕਬਰ ਬਾਦਸ਼ਾਹ ਲਾਹੌਰ ਵਲ ਆਯਾ ਤੇ ਬਿਆਸ ਲੰਘ ਕੇ ਗੋਇੰਦਵਾਲ ਲੰਗਰ ਦਾ ਕੜਾਹ ਪ੍ਰਸ਼ਾਦ ਛਕ ਕੇ ਗੁਰੂ ਜੀ ਦੇ ਦਰਸ਼ਨ ਪਾਏ। ਪੰਜ ਸੌ ਸੁੱਖਣਾਂ ਦੀ ਮੋਹਰ ਨਜ਼ਰ ਕੀਤੀ। ਫੇਰ ਵਜ਼ੀਰ ਨੂੰ ਆਖਣ ਲੱਗਾ, "ਪੀਰ ਦੇ ਦੰਦ ਦਾੜ੍ਹਾਂ ਨਹੀਂ ਰਹੇ ਤਾਹੀਂ ਹਲੂਆ ਖਾਂਦਾ ਹੈ।" ਤਾਂ ਬਾਬੇ ਬੁੱਢੇ ਜੀ ਨੇ ਆਖਿਆ, "ਏਹ ਪ੍ਰਸ਼ਾਦ ਗ਼ਰੀਬਾਂ ਤੇ ਸਿੱਖਾਂ ਸਾਧਾਂ ਨੂੰ ਮਿਲਦਾ ਹੈ। ਪੀਰ ਤਾਂ ਕੇਵਲ ਓਗਰਾ ਛਕਦੇ ਹਨ।" ਬਾਦਸ਼ਾਹ ਬੋਲਿਆ, "ਓਹੋ ਪ੍ਰਸ਼ਾਦ ਮੈਨੂੰ ਬਖ਼ਸ਼ੋ!" ਬਾਬੇ ਜੀ ਨੇ ਸਵਾ ਮਣ ਤਿਆਰ ਕਰਾ ਕੇ ਬਾਦਸ਼ਾਹ ਦੇ ਡੇਰੇ ਭੇਜ ਦਿੱਤਾ। ਲਿਖਯਾ ਹੈ ਕਿ ਖਾਣਾ ਖਾਣ ਦੇ ਸਮੇਂ ਜਦ ਵਜੀਰਾਂ ਅਮੀਰਾਂ ਨਾਲ ਬੈਠ ਕੇ ਬਾਦਸ਼ਾਹ ਨੇ ਓਗਰਾ ਮੂੰਹ ਪਾਯਾ, ਤਾਂ ਜਿਤਨੀਆਂ ਗ੍ਰਾਹੀਆਂ ਪਾਈਆਂ ਓਤਨੇ ਹੀ ਵੱਖਰੇ ਵੱਖਰੇ ਸੁਆਦ ਆਏ। ਏਸੇ ਤਰ੍ਹਾਂ ਸਾਰਾ ਹੀ ਖਾ ਗਏ ਤੇ ਆਪਸ ਵਿੱਚ ਸੁਆਦ ਵਰਨਨ ਕਰ ਕੇ ਅਚਰਜ ਹੋ ਰਹੇ। ਵਜੀਰ ਅੱਬੁਲ ਫਜ਼ਲ ਨੇ ਕਿਹਾ, "ਏਸ ਓਗਰੇ ਵਿੱਚ ਸ਼ਾਇਦ ਅੰਮ੍ਰਿਤੀ ਜੜ੍ਹੀ ਯਾ ਰਸਾਇਣੀ ਕੁਸ਼ਤਾ ਹੈ, ਜੋ ਏਤਨਾ ਸ੍ਵਾਦ ਤੇ ਤਾਕਤਵਰ ਹੈ।" ਅਮੀਰ ਬੋਲੇ, "ਹਾਂ, ਬੇਸ਼ਕ ਐਸੀਆਂ ਚੀਜ਼ਾਂ ਏਹੋ ਜੇਹੇ ਸਾਮ੍ਰੱਥ ਫ਼ਕੀਰਾਂ ਪਾਸ ਹੁੰਦੀਆਂ ਭੀ ਹਨ।" ਬਾਦਸ਼ਾਹ ਨੂੰ ਪੁੱਛਣ ਦਾ ਪ੍ਰੇਮ ਜਾਗਿਆ। ਤੀਸਰੇ ਪਹਿਰ ਗੁਰੂ ਜੀ ਦੇ ਦਰਸ਼ਨ ਨੂੰ ਆਯਾ ਅਤੇ ਗੁਰੂ ਸਾਹਿਬ ਦੇ ਲੰਗਰ ਦੇਣ ਦੀ ਮਹਿਮਾ ਸੁਣ ਕੇ ਬਹੁਤ ਖ਼ੁਸ਼ੀ ਹੋਯਾ। ਬਾਰਾਂ ਪਿੰਡ ਪ੍ਰਗਣੇ ਚੁਭਾਲ ਦਾ ਪਟਾ ਲਿਖਵਾ ਕੇ ਗੁਰੂ ਜੀ ਦੀ ਭੇਟਾ ਕੀਤਾ। ਪਰ ਗੁਰੂ ਸਾਹਿਬ ਨੇ ਜਾਗੀਰ ਨੂੰ ਕਲੇਸ਼ ਤੇ ਪਰਾਧੀਨਤਾ ਦਾ ਭੰਡਾਰ ਸਮਝ ਕੇ ਲੈਣ ਤੋਂ ਜਵਾਬ ਦੇ ਕੇ {ਗੁਰੂ ਜੀ ਨੇ ਜਾਗੀਰ ਠੁਕਰਾਉਣੀ} ਆਖਿਆ, "ਏਹ ਲੰਗਰ ਭੀ ਬਾਦਸ਼ਾਹ ਦਾ ਹੈ। ਅਸੀਂ ਏਤਨਾ ਹੀ ਵੰਡਣ ਦੀ ਸ਼ਕਤੀ ਰੱਖਦੇ ਹਾਂ। ਅਧਿਕ ਪਕਾਉਣਾ ਵੰਡਣਾ ਭਾਰ ਮਲੂਮ ਹੁੰਦਾ ਹੈ।

ਬਾਦਸ਼ਾਹ ਅਕਬਰ ਨੇ ਆਖਿਆ, "ਜੇ ਆਪ ਨਹੀਂ ਲੈਂਦੇ ਤਾਂ ਜੈਸੀ ਆਪ ਦੀ ਬੇਟੀ ਬੀਬੀ ਭਾਨੀ ਹੈ। ਤੈਸੀ ਹੀ ਮੇਰੀ ਹੈ, ਅਸੀਂ ਓਸ ਨੂੰ ਦਿੱਤਾ।" ਵਜ਼ੀਰ ਨੇ ਗੁਰੂ ਜੀ ਅੱਗੇ ਪ੍ਰਾਰਥਨਾ ਕੀਤੀ ਕਿ ਏਸ ਓਗਰੇ ਵਿੱਚ ਜਿਸ ਅੰਮ੍ਰਿਤ ਚੀਜ਼ ਦੀ ਲੱਜ਼ਤ ਤੇ ਤਾਕਤ ਹੈ ਓਹ ਬਾਦਸ਼ਾਹ ਨੂੰ ਬਖ਼ਸ਼ੋ। ਤਦ ਗੁਰੂ ਜੀ ਨੇ ਇਹ ਸ਼ਬਦ ਉਚਾਰਿਆ:

ਮਾਝ ਮਹਲਾ ੩ ॥

ਅੰਮ੍ਰਿਤ ਨਾਮੁ ਮੰਨਿ ਵਸਾਏ ॥
ਹਉਮੈ ਮੇਰਾ ਸਭੁ ਦੁਖੁ ਗਵਾਏ ॥
ਅੰਮ੍ਰਿਤ ਬਾਣੀ ਸਦਾ ਸਲਾਹੇ ਅੰਮ੍ਰਿਤਿ ਅੰਮ੍ਰਿਤੁ ਪਾਵਣਿਆ ॥੧॥
ਹਉ ਵਾਰੀ ਜੀਉ ਵਾਰੀ ਅੰਮ੍ਰਿਤ ਬਾਣੀ ਮੰਨਿ ਵਸਾਵਣਿਆ ॥
ਅੰਮ੍ਰਿਤ ਬਾਣੀ ਮੰਨਿ ਵਸਾਏ ਅੰਮ੍ਰਿਤੁ ਨਾਮੁ ਧਿਆਵਣਿਆ ॥੧॥ ਰਹਾਉ ॥
ਅੰਮ੍ਰਿਤੁ ਬੋਲੈ ਸਦਾ ਮੁਖਿ ਵੈਣੀ ॥
ਅੰਮ੍ਰਿਤੁ ਵੇਖੈ ਪਰਖੈ ਸਦਾ ਨੈਣੀ ॥
ਅੰਮ੍ਰਿਤ ਕਥਾ ਕਹੈ ਸਦਾ ਦਿਨੁ ਰਾਤੀ ਅਵਰਾ ਆਖਿ ਸੁਨਾਵਣਿਆ ॥੨॥
ਅੰਮ੍ਰਿਤ ਰੰਗਿ ਰਤਾ ਲਿਵ ਲਾਏ ॥
ਅੰਮ੍ਰਿਤੁ ਗੁਰ ਪਰਸਾਦੀ ਪਾਏ ॥
ਅੰਮ੍ਰਿਤੁ ਰਸਨਾ ਬੋਲੈ ਦਿਨੁ ਰਾਤੀ ਮਨਿ ਤਨਿ ਅੰਮ੍ਰਿਤੁ ਪੀਆਵਣਿਆ ॥੩॥
ਸੋ ਕਿਛੁ ਕਰੈ ਜੁ ਚਿਤਿ ਨ ਹੋਈ ॥
ਤਿਸ ਦਾ ਹੁਕਮੁ ਮੇਟਿ ਨ ਸਕੈ ਕੋਈ ॥
ਹੁਕਮੇ ਵਰਤੈ ਅੰਮ੍ਰਿਤ ਬਾਣੀ ਹੁਕਮੇ ਅੰਮ੍ਰਿਤੁ ਪੀਆਵਣਿਆ ॥੪॥
ਅਜਬ ਕੰਮ ਕਰਤੇ ਹਰਿ ਕੇਰੇ ॥

ਇਹੁ ਮਨੁ ਭੂਲਾ ਜਾਂਦਾ ਫੇਰੇ ॥
ਅੰਮ੍ਰਿਤ ਬਾਣੀ ਸਿਉ ਚਿਤੁ ਲਾਏ ਅੰਮ੍ਰਿਤ ਸਬਦਿ ਵਜਾਵਣਿਆ ॥੫॥
ਖੋਟੇ ਖਰੇ ਤੁਧੁ ਆਪਿ ਉਪਾਏ ॥
ਤੁਧੁ ਆਪੇ ਪਰਖੇ ਲੋਕ ਸਬਾਏ ॥
ਖਰੇ ਪਰਖਿ ਖਜਾਨੈ ਪਾਇਹਿ ਖੋਟੇ ਭਰਮਿ ਭੁਲਾਵਣਿਆ ॥੬॥
ਕਿਉ ਕਰਿ ਵੇਖਾ ਕਿਉ ਸਾਲਾਹੀ ॥
ਗੁਰ ਪਰਸਾਦੀ ਸਬਦਿ ਸਲਾਹੀ ॥
ਤੇਰੇ ਭਾਣੇ ਵਿਚਿ ਅੰਮ੍ਰਿਤੁ ਵਸੈ ਤੂੰ ਭਾਣੈ ਅੰਮ੍ਰਿਤੁ ਪੀਆਵਣਿਆ ॥੭॥
ਅੰਮ੍ਰਿਤ ਸਬਦੁ ਅੰਮ੍ਰਿਤ ਹਰਿ ਬਾਣੀ ॥
ਸਤਿਗੁਰਿ ਸੇਵਿਐ ਰਿਦੈ ਸਮਾਣੀ ॥
ਨਾਨਕ ਅੰਮ੍ਰਿਤ ਨਾਮੁ ਸਦਾ ਸੁਖਦਾਤਾ
ਪੀ ਅੰਮ੍ਰਿਤੁ ਸਭ ਭੁਖ ਲਹਿ ਜਾਵਣਿਆ ॥੮॥੧੫॥੧੬॥

(ਮਾਝ, ਮਃ ੩ - ੧੧੮/੧੯)

ਇਤਜਾਦਿਕ ਸਾਰੀ ਅਸ਼ਟਪਦੀ ਸੁਣ ਕੇ ਬਾਦਸ਼ਾਹ ਬਹੁਤ ਖ਼ੁਸ਼ੀ ਹੋਯਾ ਤੇ ਗੁਰੂ ਸਾਹਿਬ ਨੂੰ ਸੱਚਾ ਸੰਤ ਸਮਝ ਕੇ ਸਲਾਮ ਕਰ ਗਿਆ।

ਮੇਲਾ ਲਾਉਣਾ ਤੇ ਸਿੱਖਾਂ ਨੂੰ ਉਪਦੇਸ਼

ਇਕ ਦਿਨ ਭਾਈ ਪਾਰੋ ਤੇ ਬੱਲੂ ਆਦਿਕ ਸਿੱਖਾਂ ਨੇ ਬੇਨਤੀ ਕੀਤੀ ਜੋ ਕੋਈ ਦਿਨ ਮੇਲੇ ਦਾ ਮੁਕੱਰਰ ਕੀਤਾ ਜਾਵੇ ਤਾਂ ਦਰਸ਼ਨ ਤੇ ਆਪਸ ਵਿੱਚ ਜਾਣ ਪਛਾਣ ਸਭ ਸਿੱਖਾਂ ਦੀ ਹੋ ਜਾਵੇ। ਗੁਰੂ ਸਾਹਿਬ ਜੀ ਨੇ ਸਿੱਖਾਂ ਦੀ ਬੇਨਤੀ ਮੰਨ ਕੇ ਹੁਕਮਨਾਮੇ ਭੇਜ ਦਿੱਤੇ। ਜਿਨ੍ਹਾਂ ਨੂੰ ਸੁਣ ਕੇ ਸੰਮਤ ੧੬੨੪ ਬਿਕ੍ਰਮੀ ਦੀ ਬੈਸਾਖੀ ਪਰ ਸਭ ਸੰਗਤਾਂ ਦਾ ਗੋਇੰਦਵਾਲ ਆ ਕੱਠ ਹੋਯਾ। ਬਾਉਲੀ ਸਾਹਿਬ ਇਸ਼ਨਾਨ ਜਪੁਜੀ ਸਾਹਿਬ ਦੇ ਪਾਠ ਹੋਣ ਲੱਗੇ। ਬਡੇ ਬਡੇ ਦੇਗਬਰ ਕੜਾਹੇ ਲੋਹਾਂ ਚੜ੍ਹ ਗਏ। ਪ੍ਰਸ਼ਾਦ ਭਾਂਤ ਭਾਂਤ ਦੇ ਤਿਆਰ ਹੋਣ ਤੇ ਬਰਤਣ ਲੱਗੇ। ਭਾਰੀ ਮੇਲਾ ਭਰ ਗਿਆ। ਗੁਰੂ ਰਾਮਦਾਸ ਰਾਤ ਦਿਨੇ ਬਡੇ ਪ੍ਰੇਮ ਤੇ ਉਤਸ਼ਾਹ ਨਾਲ ਸੰਗਤ ਦੀ ਸੇਵਾ ਕਰਦੇ ਰਹੇ। ਭੰਡਾਰ ਦੀ ਕੁੰਜੀ ਉਹਨਾਂ ਪਾਸ ਹੀ ਸੀ। ਜੋ ਕੋਈ ਕੁਛ ਮੰਗੇ, ਸੋਈ ਮਿਲੇ। ਗੁਰੂ ਸਾਹਿਬ ਨੇ ਹੁਕਮ ਦਿੱਤਾ, "ਜੋ ਕੋਈ ਸਿੱਖ ਸੰਗਤ ਨੂੰ ਗੁਰੂ ਕਾ ਰੂਪ ਸਮਝ ਕੇ ਸੇਵੇਗਾ ਸੋ ਨਿਹਾਲ ਹੋਵੇਗਾ।"

ਸਿੱਖਾਂ ਨੇ ਅਤਿ ਨਿੰਮ੍ਰ ਹੋ ਕੇ ਸਿੱਖੀ ਦੇ ਲੱਛਣ ਪੁੱਛੇ ਤਾਂ ਬਚਨ ਹੋਯਾ, "ਜੈਸੇ ਸਿੱਪ ਸਵਾਂਤੀ ਬੂੰਦ ਲੈ ਕੇ ਦਰਯਾ ਦੇ ਹੇਠਾਂ ਜਾ ਟਿਕਦਾ ਹੈ, ਤੈਸੇ ਗੁਰਮੰਤ੍ਰ ਉਪਦੇਸ਼ ਲੈ ਕੇ ਸਿੱਖ ਆਪਣੇ ਮਨ ਨੂੰ ਇਸਥਿਤ ਕਰ ਭਜਨ ਵਿੱਚ ਜੁੜ ਜਾਏ ਤੇ ਆਪਣੇ ਤਨ ਮਨ ਧਨ ਦਾ ਹੰਕਾਰ ਛੱਡ ਕੇ ਸਭ ਕੁਛ ਈਸ਼੍ਵਰ ਦਾ ਮੰਨੇ। ਆਪਣੇ ਨਫ਼ੇ ਵਾਸਤੇ ਬਿਨਾ ਸਤਿਗੁਰੂ ਅਕਾਲ ਪੁਰਖ ਦੇ ਹੋਰ ਕਿਸੇ ਦੀ ਮੰਨਤ ਪੂਜਾ ਨਾ ਕਰੇ। ਸਿੱਖਾਂ ਸਾਧਾਂ ਦੀ ਸੇਵਾ ਕਰੇ ਤੇ ਜਣਾਵੇ ਨਾ। ਸ੍ਵਾਸ ਸ੍ਵਾਸ ਸ੍ਰੀ ਵਾਹਿਗੁਰੂ ਸਿਮਰੇ ਅਤੇ ਨਿੰਮ੍ਰ ਰਹੇ। ਪ੍ਰਮੇਸ਼ਰ ਨੂੰ ਹਰ ਵੇਲੇ ਹਾਜ਼ਰ ਨਾਜ਼ਰ ਦੇਖੇ। ਧਰਮ ਦੀ ਕ੍ਰਿਤ ਕਰ ਖਾਏ। ਏਸ ਦਾ ਨਾਮ ਸਿੱਖੀ ਹੈ।" ਸਿੱਖ ਸੁਣ ਕੇ ਲੱਗੇ ਸਿੱਖੀ ਧਰਮ ਕਮਾਵਨ। ਤਦੋਂ ਦਾ ਮੇਲਾ ਬੈਸਾਖੀ ਨੂੰ ਗੁਰੂ ਘਰ ਵਿੱਚ ਹੋਣ ਲੱਗਾ, ਜੋ ਅੱਜ ਤੱਕ ਅਨੇਕ ਜਗ੍ਹਾ ਹੁੰਦਾ ਹੈ।

ਬੀਰਬਾਲ ਦਾ ਬਿਬਾਦ

ਸੰਮਤ ੧੬੦੭ ਬਿਕ੍ਰਮੀ ਤੋਂ ਪਹਿਲੇ ਪਹਿਲੇ ਭੱਟਾਂ ਦਾ ਐਤਨਾ ਜ਼ੋਰ ਸੀ ਜੋ ਖਤ੍ਰੀ, ਬਾਣੀਏ ਤੇ ਅਰੋੜਿਆਂ ਦੇ ਵਿਆਹਾਂ ਵਿੱਚ ਸੌ ਸੌ ਪੰਜਾਹ ਪੰਜਾਹ ਭੱਟ 'ਕੱਠੇ ਹੋ ਕੇ ਧਰਨਾ ਮਾਰ ਕੇ ਆ ਬੈਠਦੇ ਤੇ ਰੁਪਯਾ ਯਾ ਅੱਠ ਆਨੇ ਜੋ ਕੁਛ ਬਾਦਸ਼ਾਹ ਦੀ ਵੱਲੋਂ ਉਨ੍ਹਾਂ ਦਾ ਚੁਕਾਵਾ ਚੁੱਕਿਆ ਹੋਯਾ ਹੁੰਦਾ ਉਹ ਲੈ ਕੇ ਉਠਦੇ।

ਬੀਰਬਲ ਪਰ ਜਦ ਹਾਜ਼ਰ ਜਵਾਬੀ ਦੇ ਕਾਰਣ ਇੱਕ ਦਿਨ ਅਕਬਰ ਸ਼ਾਹ ਖ਼ੁਸ਼ੀ ਹੋਯਾ ਤਾਂ ਏਨ ਭੀ ਹੁਕਮ ਲੈ ਲਿਆ ਕਿ ਜੋ ਬਿਵਾਹ ਖਤ੍ਰੀ ਆਦਿਕਾਂ ਦਾ ਹੋਵੇ ਉਥੋਂ ਮੈਨੂੰ ਪੰਜ ਰੁਪਏ ਮਿਲਣ। ਏਹ ਹੁਕਮ ਲੈ ਕੇ ਜਦ ਬੀਰਬਲ ਆਪਣਾ ਚੁਕਾਵਾ ਕੱਰ (ਭੀਖ) ਉਗਰਾਹੁੰਦਾ ਹੋਯਾ ਸੰਮਤ ੧੬੨੯ ਬਿਕ੍ਰਮੀ ਨੂੰ ਫੌਜ ਸਮੇਤ; ਜੋ ਬਲੋਚਸਤਾਨ ਨੂੰ ਚੜ੍ਹਾਈ ਪਰ ਜਾ ਰਹੀ ਸੀ, ਗੋਇੰਦਵਾਲ ਵਿੱਚ ਆਯਾ ਤਾਂ ਗੁਰੂ ਸਾਹਿਬ ਪਾਸੋਂ ਭੀ ਚੁਕਾਵਾ (ਭੀਖ) ਮੰਗਿਆ। ਤਾਂ ਗੁਰੂ ਜੀ ਨੇ ਆਖਿਆ, "ਗੁਰੂ ਨਾਨਕ ਜੀ ਦੀ ਕ੍ਰਿਪਾ ਨਾਲ ਦੰਡ ਤਾਂ ਅਸਾਂ ਜਮਾਂ ਨੂੰ ਭੀ ਨਹੀਂ ਦੇਣਾ। ਤੈਨੂੰ ਕਿਸ ਤਰ੍ਹਾਂ ਦਈਏ? ਪ੍ਰੰਤੂ ਪ੍ਰਸ਼ਾਦ ਲੰਗਰ ਦਾ ਤਿਯਾਰ ਹੈ ਭਾਵੇਂ ਕੋਈ ਖਾਵੇ।" ਬੀਰਬਲ ਨੇ ਆਖਿਆ, "ਸਾਰੀ ਫੌਜ ਨੂੰ ਖੁਵਾਓਗੇ?" ਗੁਰੂ ਸਾਹਿਬ ਨੇ ਬਚਨ ਕੀਤਾ, "ਜੋ ਅਕਾਲ ਪੁਰਖ ਦੀ ਇੱਛਿਆ।" ਸਾਰੀ ਫੌਜ ਬੈਠ ਗਈ, ਲੋਹਾਂ ਤਪ ਪਈਆਂ ਤੇ ਸਭ ਫੌਜ ਤ੍ਰਿਪਤ ਹੋ ਗਈ। ਫੇਰ ਨਿੰਦਕ ਖਤ੍ਰੀਆਂ ਨੇ ਬੀਰਬਲ ਨੂੰ ਚੁੱਕ ਦਿੱਤਾ ਕਿ ਗੁਰੂ ਜੀ ਪਾਸ ਰਸਾਇਣ ਹੈ। ਤਦ ਉਨ੍ਹਾਂ ਦੇ ਕਹੇ {ਸੱਚਾ ਰਸਾਇਣ} ਬੀਰਬਲ ਨੇ ਗੁਰੂ ਜੀ ਤੋਂ ਰਸਾਇਣ ਮੰਗਿਆ। ਤਾਂ ਗੁਰੂ ਜੀ ਨੇ ਬਚਨ ਕੀਤਾ:

ਔਰ ਰਸਾਇਣ ਕੂੜ ਸਭ, ਨਾਮ ਰਸਾਇਣ ਸਚ।
ਜਿਸ ਦੇ ਘਰ ਸੱਚ ਹੈ, ਕੁੰਦਨ ਹੋਵੇ ਕੱਚ।

"ਏਹੋ ਰਸਾਇਣ ਸਾਨੂੰ ਸਤਗੁਰਾਂ ਨੇ ਬਖਸ਼ਿਆ ਹੈ।" ਪਰ ਫੇਰ ਭੀ ਉਸ ਨੂੰ ਇਤਬਾਰ ਨ ਆਯਾ ਤੇ ਜ਼ੋਰ ਜਣਾ ਕੇ ਆਖਿਆ, "ਹੱਛਾ! ਮੈਂ ਕੱਲ੍ਹ ਨੂੰ ਖ਼ਬਰ ਲਵਾਂਗਾ।"

ਆਪੇ ਹੀ ਪ੍ਰਭੁ ਰਾਖਤਾ ਭਗਤਨ ਕੀ ਆਨਿ ॥
ਜੋ ਜੋ ਚਿਤਵਹਿ ਸਾਧ ਜਨ ਸੋ ਲੇਤਾ ਮਾਨਿ ॥੧॥ ਰਹਾਉ ॥

(ਬਿਲਾਵਲੁ, ਮ: ੫ - ੮੧੭)

ਪਰਮੇਸ਼ਰ ਦੀ ਇੱਛਯਾ ਅਨੁਸਾਰ ਉਸੇ ਰਾਤ ਸਖ਼ਤ ਤਾਕੀਦੀ ਹੁਕਮ ਮੁਹਿੰਮ ਪਰ ਜਾਣ ਦਾ ਆ ਗਿਆ ਤੇ ਬੀਰਬਲ ਓਸੇ ਵੇਲੇ ਤੁਰ ਗਿਆ ਅਤੇ ਓਥੋਂ ਐਸਾ ਜ਼ਖ਼ਮੀ ਹੋ ਕੇ ਮੁੜਿਆ ਜੋ ਮੁੜ ਗੁਰੂ ਸਾਹਿਬ ਪਰ ਚੜ੍ਹਾਈ ਕਰਨ ਜੋਗਾ ਨਾ ਰਿਹਾ। ਤੇ ਓੜਕ ੧੬੪੩ ਬਿਕ੍ਰਮੀ ਨੂੰ ਸਿੰਧ ਮੁਲਕ ਦੇ ਜੰਗ ਵਿੱਚ ਭੱਖਰ ਸ਼ਹਿਰ ਪਾਸ ਯੂਸਫ ਜ਼ਈ ਪਠਾਨਾਂ ਦੇ ਹੱਥੋਂ ਮਾਰਿਆ ਗਿਆ।

ਗੁਰੂ ਰਾਮਦਾਸ ਜੀ ਨੂੰ ਗੱਦੀ ਤੇ ਗੁਰੂ ਅਮਰਦਾਸ ਜੀ ਦਾ ਜੋਤੀ ਜੋਤਿ ਸਮਾਉਣਾ

ਗੁਰੂ ਅਮਰਦਾਸ ਜੀ ਦੇ ਦੋ ਪੁੱਤ੍ਰ, ਜਵਾਈ ਤੇ ਹੋਰ ਪ੍ਰੇਮੀ ਸਿੱਖ ਸੇਵਕ ਬਹੁਤ ਸੇ। ਸੰਮਤ ੧੬੨੭ ਬਿਕ੍ਰਮੀ ਨੂੰ ਸਭ ਦੀ ਪ੍ਰੀਖਜਾ ਵਾਸਤੇ ਹੁਕਮ ਦਿੱਤਾ ਜੋ ਬਾਉਲੀ ਦੇ ਆਸੇ ਪਾਸੇ {ਥੜ੍ਹੇ ਬਣਾਉਣ ਦਾ ਪ੍ਰਸੰਗ} ਥੜੇ ਬਣਾਓ। ਸਭ ਨੇ ਬਣਾਏ ਤੇ ਗੁਰੂ ਜੀ ਨੇ ਨਾਪਸਿੰਦ ਕਰ ਕੇ ਗਰਵਾ ਦਿੱਤੇ। ਫੇਰ ਬਨਵਾਏ ਤਾਂ ਓਹ ਭੀ ਢਹਾਏ। ਏਸੇ ਪ੍ਰਕਾਰ ਕੋਈ ਦੋ ਵਾਰੀ ਕੋਈ ਚਾਰ ਵਾਰੀ ਬਨਾ ਬਨਾ ਕੇ ਹਟਦੇ ਗਏ ਪਰ ਇੱਕ ਗੁਰੂ ਰਾਮਦਾਸ ਜੀ ਨਿੱਤ ਹੀ ਬਣਾਉਣ ਤੇ ਗੁਰੂ ਜੀ ਢਹਾ ਦੇਣ। ਇਸ ਪਰ ਗੁਰੂ ਰਾਮਦਾਸ ਜੀ ਨੇ ਜ਼ਰਾ ਭੀ ਰੰਜ ਨਾ ਮੰਨਿਆਂ। ਸਗੋਂ ਜਦ ਸਿੱਖਾਂ ਤੇ ਪੁੱਤ੍ਰਾਂ ਨੇ ਏਨ੍ਹਾਂ ਨੂੰ ਆਖਿਆ ਕਿ ਗੁਰੂ ਸਾਹਿਬ ਦੀ ਤਾਂ ਬ੍ਰਿਧਾਪਨ ਕਰ ਕੇ ਅਕਲ ਠਿਕਾਣੇ ਨਹੀਂ ਰਹੀ ਤੁਸੀਂ ਬੇਅਰਥ ਕਿਉਂ ਖਪਦੇ ਹੋ? ਤਾਂ ਏਨ੍ਹਾਂ ਆਖਿਆ ਕਿ ਮੈਂ ਤਾਂ ਮਹਾਰਾਜ ਦਾ ਹੁਕਮ ਮੰਨਣਾ ਹੈ ਤੇ ਸੇਵਾ ਕਰਨੀ ਹੈ। ਚਾਹੇ ਉਮਰ ਭਰ ਏਹੋ ਕੰਮ ਕਰਾਈ ਜਾਣ।

ਏਹ ਬਚਨ ਸੁਣ ਕੇ ਅਤੇ ਸੱਚਾ ਸਿਦਕ ਧੀਰਜ ਪ੍ਰੇਮ ਦੇਖ ਕਰ, ਓਸੇ ਦਿਨ ਗੁਰੂ ਰਾਮਦਾਸ ਜੀ ਨੂੰ ੭ ਵੈਸਾਖ ਸੰਮਤ ੧੬੨੭ ਬਿਕ੍ਰਮੀ ਨੂੰ ਆਪਣੀ ਗੱਦੀ ਪਰ ਬੈਠਾ ਕੇ ਪੰਜ ਪੈਸੇ ਇੱਕ ਨਾਰੀਅਲ ਅਰਪਣ ਕਰ ਨਮਸਕਾਰ ਕਰ ਦਿੱਤੀ। ਗੁਰੂ ਕਾ ਹੁਕਮ ਮੰਨ ਕੇ ਹੋਰ ਸਭ ਨੇ ਤਾਂ ਗੁਰੂ ਰਾਮਦਾਸ ਜੀ ਅੱਗੇ ਮੱਥਾ ਟੇਕਿਆ, ਪਰ ਗੁਰੂ ਜੀ ਦੇ ਪੁੱਤ੍ਰ ਮੋਹਣ ਨੇ ਤੇ ਜੁਆਈ ਰਾਮੇ ਨੇ ਸਿਰ ਨਾ ਝੁਕਾਇਆ। ਸਗੋਂ ਓਸ ਦਿਨ ਤੋਂ ਏਹ ਦੋਵੇਂ ਹੋਰ ਅਨੇਕਾਂ ਨੂੰ ਆਪਣੇ ਸਾਥੀ ਬਣਾ ਗੁਰੂ ਰਾਮਦਾਸ ਜੀ ਨਾਲ ਬਿਰੋਧ ਰੱਖਣ ਲੱਗ ਪਏ, ਜਿਸ ਕਰ ਕੇ ਗੁਰੂ ਅਮਰਦਾਸ ਜੀ ਨੇ ਸੰਮਤ ੧੬੨੯ ਬਿਕ੍ਰਮੀ ਨੂੰ ਗੁਰੂ ਰਾਮਦਾਸ ਜੀ ਦੇ ਵੱਸਣ ਲਈ ਰਾਮਦਾਸਪੁਰ (ਜੋ ਹੁਣ ਸ੍ਰੀ ਅੰਮ੍ਰਿਤਸਰ ਸ਼ਹਿਰ ਹੈ) ਆਬਾਦ ਕਰਾ ਦਿੱਤਾ। ਅਤੇ ਆਪ ਗੁਰੂ ਸਾਹਿਬ ਨੇ ਆਪਣੀ ਜੋਤਿ ਸ਼ਕਤੀ ਬ੍ਰਹਮ ਵਿੱਦਜਾ ਗੁਰੂ ਸਿੱਖੀ ਸਭ ਗੁਰੂ ਰਾਮਦਾਸ ਜੀ ਨੂੰ ਸੌਂਪ ਕੇ {ਪਾ: ੩ ਜੋਤੀ ਜੋਤਿ ਸਮਾਏ} ਭਾਦਰੋਂ ਸੁਦੀ ੧੫ ਸੰਮਤ ੧੬੩੧ ਬਿਕ੍ਰਮੀ ਨੂੰ ਸਰਪਕਾਂਚਰੀ ਵਤ ਦੇਹ ਤਿਆਗ ਕੇ ਸੱਚਖੰਡ ਵਿੱਚ ਜਾ ਨਿਵਾਸ ਕੀਤਾ। ਸਮਾਧ ਏਨ੍ਹਾਂ ਦੀ ਦਰਿਆ ਲੈ ਗਿਆ। ਗੋਇੰਦਵਾਲ ਵਿੱਚ ਏਸ ਗੁਰੂ ਜੀ ਦੇ (੧) ਕਿੱਲੀ ਸਾਹਿਬ ਜਿਸ ਨੂੰ ਫੜ ਕੇ ਹਰ ਵੇਲੇ ਖੜੇ ਤਪ ਕਰਦੇ ਹੁੰਦੇ ਸੇ (੨) ਚੁਬਾਰਾ ਸਾਹਿਬ ਜਿੱਥੇ ਬਿਰਾਜਿਆ ਕਰਦੇ ਸੇ (੩) ਬਾਉਲੀ ਸਾਹਿਬ ੮੪ ਪੌੜੀਆਂ ਵਾਲੀ, ਏਹ ਤਿੰਨ ਸਥਾਨ ਉਜਾਗਰ ਹਨ। ਸਾਲ ਵਿੱਚ ਦੋ ਮੇਲੇ ਹੁੰਦੇ ਹਨ। ਇੱਕ ਬੈਸਾਖੀ ਦਾ ਦੂਸਰਾ ਭਾਦੋਂ ਸੁਦੀ ੧੫ ਨੂੰ ਜੱਗ ਦਾ। ਜਾਗੀਰ ਸਰਕਾਰ ਵਲੋਂ ਕੁਛ ਨਹੀਂ, ਪਰ ਆਮਦਨੀ ਬਹੁਤ ਹੈ। ਏਸ ਗੁਰੂ ਸਾਹਿਬ ਦੀ ਸੰਤਾਨ ਭੱਲੇ ਸਾਹਿਬਜ਼ਾਦੇ ਸਭ ਹਰਿਗੁਰੁ ਭਗਤਿ ਕਾਰ ਬਿਹਾਰ, ਬਪਾਰ, ਨੌਕਰੀ ਕਰ ਕੇ ਨਿਰਬਾਹ ਬਹੁਤ ਚੰਗਾ ਕਰਦੇ ਹਨ ਅਤੇ ਬਿਨਾਂ ਪ੍ਰਯੋਜਨ ਦੇ ਕਿਸੇ ਕੋਲੋਂ ਕੁਛ ਨਹੀਂ ਲੈਂਦੇ। ਹੋਰ ਸਾਰਾ ਬ੍ਰਿਤਾਂਤ ਏਨ੍ਹਾਂ ਦਾ ਪੰਜਵੇਂ ਹਿੱਸੇ ਵਿੱਚ ਹੈ।

ਜੇਹੜੇ ਅਜ਼ਮਤਾਂ ਦੇ ਖ਼ਜ਼ਾਨੇ ਗੁਰੂ ਨਾਨਕ ਸਾਹਿਬ ਜੀ ਤੇ ਗੁਰੂ ਅੰਗਦ ਜੀ ਨੇ ਸੰਗ੍ਰੈਹ ਕੀਤੇ ਸੇ ਤੇ ਬੜੇ ਗੁਹਜ ਰੱਖੇ ਹੋਏ ਸੇ, ਓਹ ਕਰਾਮਾਤਾਂ ਏਨ੍ਹਾਂ ਗੁਰੂ ਸਾਹਿਬਾਂ ਨੇ ੨੨ ਅਸਥਾਨਾਂ ਪਰ ੨੨ ਮੰਜੀਆਂ ਅਰਥਾਤ ਗੱਦੀਆਂ ਕਾਇਮ ਕਰ ਕੇ ਸੰਸਾਰੀ ਲੋਕਾਂ ਦੇ ਮਨੋਕਾਮਨਾ ਪੂਰਨ ਕਰਨ ਲਈ ਓਨ੍ਹਾਂ ਸ਼ਕਤੀਆਂ ਦੇ ੨੨ ਸਦਾਬ੍ਰਤ ਲਗਾ ਦਿੱਤੇ ਸੇ ਕਿ ਜਿੱਥੇ ਜਿਸ ਨੂੰ ਲੋੜ ਪਵੇ, ਓਥੇ ਹੀ ਪੂਰਨ ਹੋ ਜਾਵੇ।

ਏਹ ਗੁਰੂ ਸਾਹਿਬ ਵੈਸਾਖ ਸੁਦੀ ੧੧ ਸੰਮਤ ੧੫੩੬ ਬਿਕ੍ਰਮੀ ਨੂੰ ਬਾਸਰਕੇ ਪਿੰਡ ਪਰਗਣੇ ਅੰਮ੍ਰਿਤਸਰ ਵਿਖੇ ਪ੍ਰਗਟੇ ਅਤੇ ੬੨ ਬਰਸ ਦੀ ਉਮਰ ਵਿੱਚ ਗੁਰੂ ਅੰਗਦ ਸਾਹਿਬ ਜੀ ਦੀ ਸੇਵਾ ਵਿੱਚ ਆਏ। ੧੧ ਬਰਸ ੭ ਮਹੀਨੇ ਟਹਿਲ ਤੇ ਭਗਤੀ ਕਰ ਕੇ ੭੨ ਬਰਸ ੧੦ ਮਹੀਨੇ ੨੦ ਦਿਨ ਦੀ ਉਮਰ ਵਿੱਚ ਗੁਰਿਆਈ ਦੀ ਗੱਦੀ ਪਰ ਬੈਠੇ। ੨੨ ਬਰਸ ਪੰਜ ਮਹੀਨੇ ੧੩ ਦਿਨ ਗੁਰਿਆਈ ਕਰ ੯੫ ਬਰਸ ੪ ਮਹੀਨੇ ਇੱਕ ਦਿਨ ਸਾਰੀ ਉਮਰ ਭੋਗ ਭਾਦ੍ਰੋਂ ਸੁਦੀ ਪੁੰਨਜਾ

ਸੰਮਤ ੧੬੩੧ ਬਿਕ੍ਰਮੀ ਨੂੰ ਮੰਗਲ ਵਾਰ ਦੋ ਘੜੀ ਰਾਤ ਰਹੀ ਗੋਇੰਦਵਾਲ ਵਿਖੇ ਜੋਤੀ ਜੋਤਿ ਸਮਾਏ।